# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੬: ਗਿਆਨ ਬੋਹਿਤ (ਵਿਵੇਕ ਦੀ ਕਿਸ਼ਤੀ)

'ਗਿਆਨ ਬੋਹਿਤ', 'ਵਿਵੇਕ ਦੀ ਕਿਸ਼ਤੀ', 'ਭ੍ਰਿਗੂ' ਦੀ ਧਰਤੀ ਉੱਤੇ ਗੁਰੂ ਨਾਨਕ ਦੀਆਂ ਦਿਲਕਸ਼ ਮਿਸਾਲਾਂ ਪੇਸ਼ ਕਰਦੀ ਹੈ ਜਿਨ੍ਹਾਂ ਵਿੱਚ ਉਹ ਮੁਖ਼ਾਲਿਫ਼ ਹਾਲਾਤ ਦੇ ਹਕੀਕੀ ਸਮਾਧਾਨ ਕਰਦੇ ਹਨ। ਇਹ ਉਨ੍ਹਾਂ ਸੰਤਾਂ ਦੀਆਂ ਯਾਦਾਂ ਵਿੱਚੋਂ ਹੋ ਕੇ ਵੀ ਗੁਜ਼ਰਦੀ ਹੈ ਜਿਨ੍ਹਾਂ ਦਾ ਨਜ਼ਰੀਆ ਗੁਰੂ ਨਾਨਕ ਨਾਲ ਮੇਲ਼ ਖਾਂਦਾ ਹੈ।

ਪਉਣੁ ਗੁਰੂ ਪਾਣੀ ਪਿਤ ਜਾਤਾ॥
ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥
(ਰਾਗ ਮਾਰੂ, ਗੁਰੂ ਨਾਨਕ)

ਹਵਾ ਗੁਰੂ ਸਮਾਨ ਹੈ ਅਤੇ ਪਾਣੀ ਪਿਤਾ ਸਮਾਨ ਹੈ।
ਧਰਤੀ ਪਾਲਣਹਾਰੀ ਹੈ ਜੋ ਮਾਂ ਦੀ ਕੁੱਖ ਵਾਂਗ ਹੈ।
ਦਿਨ ਅਤੇ ਰਾਤ ਤਾਂ ਦਾਈ ਅਤੇ ਦਾਇਆ ਵਾਂਗ ਹਨ ਜੋ ਜੱਗ ਨੂੰ ਖੇਡ ਖਿਡਾਉਂਦੇ ਹਨ।
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਨੇ ਕੁਦਰਤੀ ਵਸੀਲਿਆਂ ਦੀ ਸੰਭਾਲ ਉੱਤੇ ਜ਼ੋਰ ਦਿੱਤਾ। ਚੌਗਿਰਦਾ ਪ੍ਰੇਮੀ ਵਜੋਂ ਉਨ੍ਹਾਂ ਨੇ ਮਨੁੱਖਾ ਰਿਸ਼ਤਿਆਂ ਦੀ ਤੁਲਨਾ ਕੁਦਰਤ ਦੇ ਤੱਤਾਂ ਨਾਲ ਕੀਤੀ। ਮਿਸਾਲ ਵਜੋਂ ਹਵਾ ਸਾਡੇ ਸਰੀਰ ਦੀ ਤੰਦਰੁਸਤੀ ਲਈ ਬੇਹੱਦ ਅਹਿਮ ਹੈ ਅਤੇ ਗੁਰੂ ਨਾਨਕ ਨੇ ਹਵਾ ਦੀ ਤਸ਼ਬੀਹ ਉਸਤਾਦ ਵਜੋਂ ਦਿੱਤੀ ਹੈ ਜੋ ਸਾਡੀ ਰੂਹਾਨੀ ਹੋਂਦ ਲਈ ਬਹੁਤ ਅਹਿਮ ਹੈ। ਪਾਣੀ ਜ਼ਿੰਦਗੀ ਦਾ ਪਾਲਣਹਾਰ ਹੈ ਅਤੇ ਉਸ ਨੂੰ ਪਿਤਾ ਸਮਾਨ ਮੰਨਿਆ ਗਿਆ ਹੈ ਜੋ ਦੇਵਣਹਾਰ ਹੈ। ਇਸੇ ਤਰ੍ਹਾਂ ਧਰਤੀ ਚੋਗ ਬਖ਼ਸ਼ਦੀ ਹੈ ਜਿਵੇਂ ਮਾਂ ਆਪਣੀ ਕੁੱਖ ਵਿੱਚ ਭਰੂਣ ਪਾਲਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਦੌਲਤਾਬਾਦ ਤੋਂ ਉੱਤਰ ਵਾਲੇ ਪਾਸੇ ਦਾ ਸਫ਼ਰ ਕੀਤਾ ਅਤੇ ਭਰੂਚ, ਪ੍ਰਭਾਸ ਪਟਨ, ਜੂਨਾਗੜ, ਅਹਿਮਦਾਬਾਦ ਤੋਂ ਉਜੈਨ ਰਾਹੀਂ ਹੁੰਦੇ ਹੋਏ ਚਿਤੌੜਗੜ੍ਹ ਪਹੁੰਚੇ। ਸਭ ਤੋਂ ਪਹਿਲਾਂ ਉਨ੍ਹਾਂ ਨੇ ਦੌਲਤਾਬਾਦ ਤੋਂ ਭਰੂਚ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਦੌਲਤਾਬਾਦ ਤੋਂ ਭਰੂਚ ਜਾ ਰਹੇ ਹਾਂ।

ਭਰੂਚ ਇਸ ਵੇਲੇ ਇੰਡੀਆ ਦੇ ਸੂਬੇ ਗੁਜਰਾਤ ਵਿੱਚ ਹੈ। ਇਹ ਪੁਰਾਤਨ ਸ਼ਹਿਰ ਨਰਮਦਾ ਨਦੀ ਦੇ ਲਾਗੇ ਉਸ ਇਲਾਕੇ ਵੱਸਿਆ ਹੋਇਆ ਹੈ ਜਿੱਥੇ ਇਹ ਨਦੀ ਅਰਬ ਸਾਗਰ ਵਿੱਚ ਪੈਂਦੀ ਹੈ। ਛੇਵੀਂ ਸਦੀ ਈਸਾ ਪੂਰਬ ਵਿੱਚ ਭਰੂਚ ਜਹਾਜ਼ ਬਣਾਉਣ ਵਾਲਾ ਮਰਕਜ਼ੀ ਸ਼ਹਿਰ ਸੀ ਅਤੇ ਇਸ ਦੀ ਬੰਦਰਗਾਹ ਸੌਦਾਗਰੀ ਲਈ ਅਹਿਮ ਸੀ।

ਨਰਮਦਾ ਬਰੇ ਸਗੀਰ ਦੀਆਂ ਸੱਤ ਪਵਿੱਤਰ ਨਦੀਆਂ ਵਿੱਚ ਸ਼ਾਮਿਲ ਹੈ। ਬਾਕੀ ਦੀਆਂ ਛੇ ਨਦੀਆਂ ਗੰਗਾ, ਜਮੁਨਾ, ਸਿੰਧੂ, ਗੋਦਾਵਰੀ, ਕਾਵੇਰੀ ਅਤੇ ਲੋਪ ਹੋ ਚੁੱਕੀ ਸਰਸਵਤੀ ਹਨ। ਹਿੰਦੂ ਧਰਮ ਦੀ ਮਨੌਤ ਹੈ ਕਿ ਇਨ੍ਹਾਂ ਨਦੀਆਂ ਵਿੱਚੋਂ ਕਿਸੇ ਵਿੱਚ ਵੀ ਡੁਬਕੀ ਲਗਾਉਣ ਨਾਲ ਪਾਪ ਧੋਤੇ ਜਾਂਦੇ ਹਨ।

ਨਰਮਦਾ ਨਦੀ ਦੇ ਕਿਨਾਰੇ ਅਸੀਂ ਪਹਿਲਾਂ 'ਭ੍ਰਿਗੂ ਰਿਸ਼ੀ ਮੰਦਿਰ' ਜਾ ਰਹੇ ਹਾਂ ਜੋ ਕਿ ਭ੍ਰਿਗੂ ਰਿਸ਼ੀ ਨੂੰ ਮਨਸੂਬ ਪੁਰਾਤਨ ਅਸਥਾਨ ਹੈ। ਭਰੂਚ ਦਾ ਨਾਮ ਭ੍ਰਿਗੂ ਰਿਸ਼ੀ ਤੋਂ ਪਿਆ ਹੈ ਜੋ ਪੁਰਾਤਨ ਭਾਰਤ ਦੇ 'ਸਪਤ ਰਿਸ਼ੀਆਂ' ਵਿੱਚ ਸ਼ਾਮਿਲ ਹਨ।

ਭ੍ਰਿਗੂ ਰਿਸ਼ੀ 'ਬ੍ਰਹਮ ਚਿੰਤਾ ਪ੍ਰਣਾਲੀ' ਦੇ ਰਚਣਹਾਰੇ ਵਜੋਂ ਜਾਣੇ ਜਾਂਦੇ ਹਨ ਜਿਸ ਵਿੱਚ ਵਿਗਿਆਨ ਦੀਆਂ ਪੰਜ ਸਰਵਉੱਚ ਵਿਧਾਵਾਂ ਦਾ ਗਿਆਨ ਹੈ ਜਿਨ੍ਹਾਂ ਵਿੱਚ ਜੋਤਿਸ਼ ਵੀ ਸ਼ਾਮਿਲ ਹੈ। ਭ੍ਰਿਗੂ ਰਿਸ਼ੀ ਆਪਣੀ ਲਿਖਤ 'ਭ੍ਰਿਗੂ ਸੰਹਿਤਾ' ਲਈ ਮਸ਼ਹੂਰ ਹਨ।

ਧਰਮੇਸ਼ ਭਾਈ ਸਤੀਸ਼ ਭਾਈ: ਭਰੂਚ ਦਾ ਨਾਮ ਪਹਿਲਾਂ ਭ੍ਰਿਗੂ ਕੱਛ ਸੀ। ਉਸ ਤੋਂ ਬਾਅਦ ਭਰੂਚ ਪੈ ਗਿਆ। ਭ੍ਰਿਗੂ ਰਿਸ਼ੀ ਨੇ ਆਪ ਭਰੂਚ ਵਸਾਇਆ ਸੀ। ਉਨ੍ਹਾਂ ਨੇ ਭ੍ਰਿਗੂ ਸੰਹਿਤਾ ਲਿਖੀ ਸੀ।

ਭਰੂਚ ਹਿੰਦੂਆਂ ਲਈ ਅਹਿਮ ਤੀਰਥ ਅਸਥਾਨ ਸੀ। ਰੂਹਾਨੀਅਤ ਦੇ ਆਰਜ਼ੂਮੰਦਾਂ ਨਾਲ ਗੋਸ਼ਟਿ ਕਰਨ ਲਈ ਗੁਰੂ ਨਾਨਕ ਇਸ ਸ਼ਹਿਰ ਵਿੱਚ ਆਏ ਸਨ।

ਨਰਮਦਾ ਨਦੀ ਦੇ ਕੰਢੇ ਇੱਕ ਸੰਨਿਆਸਣ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਤੱਕ ਪਹੁੰਚ ਕੀਤੀ। ਉਸ ਨੇ ਸਲਾਹ ਮੰਗੀ ਕਿ ਉਹ ਆਪਣੇ ਮਨ ਨੂੰ ਇਲਾਹੀ ਹਾਜ਼ਰਾ-ਹਜ਼ੂਰ ਨਾਲ ਕਿਵੇਂ ਇੱਕਸੁਰ ਕਰੇ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਨਾ ਮਨੁ ਮਰੈ ਨ ਕਾਰਜੁ ਹੋਇ॥
ਮਨੁ ਵਸਿ ਦੂਤਾ ਦੁਰਮਤਿ ਦੋਇ॥
ਮਨੁ ਮਾਨੈ ਗੁਰ ਤੇ ਇਕੁ ਹੋਇ॥
ਨਿਰਗੁਣ ਰਾਮੁ ਗੁਣਹ ਵਸਿ ਹੋਇ॥
ਆਪੁ ਨਿਵਾਰਿ ਬੀਚਾਰੇ ਸੋਇ॥
(ਰਾਗ ਗਉੜੀ ਗੁਆਰੇਰੀ, ਗੁਰੂ ਨਾਨਕ)

ਜਦੋਂ ਤੱਕ ਮਨ ਅੰਦਰਲੀ ਨਾਪੱਖੀ ਸੋਚ ਨਹੀਂ ਮਰਦੀ ਉਦੋਂ ਤੱਕ ਹਾਂਪੱਖੀ ਕਾਜ ਪੂਰੇ ਨਹੀਂ ਹੋ ਸਕਦੇ।
ਦਵੈਤ ਵਿੱਚ ਉਲਝੇ ਮਨ ਉੱਤੇ ਮਾੜੇ ਇਰਾਦੇ ਕਾਬਜ਼ ਹੋ ਜਾਂਦੇ ਹਨ।
ਜਦੋਂ ਮਨ ਨੂੰ ਰੂਹਾਨੀ ਵਿਵੇਕ ਦੀ ਸਮਝ ਪੈਂਦੀ ਹੈ ਤਾਂ ਇਹ ਚੇਤਨਾ ਨਾਲ ਇੱਕ-ਮਿੱਕ ਹੋ ਜਾਂਦਾ ਹੈ।
ਨਿਰੰਕਾਰ ਹਾਜ਼ਰਾ-ਹਜ਼ੂਰ ਦੇ ਗੁਣ ਸਿਰਜਣਾ ਦੇ ਹਰ ਰੂਪ ਵਿੱਚ ਹਾਜ਼ਰ ਹਨ।
ਮਨੁੱਖ ਗਰੂਰ ਤੋਂ ਪੱਲਾ ਛੁਡਾ ਕੇ ਹੀ ਆਤਮ-ਪੜਚੋਲ ਵਾਲੇ ਅਮਲ ਕਰ ਸਕਦਾ ਹੈ।

(ਰਾਗ ਗਉੜੀ ਗੁਆਰੇਰੀ, ਗੁਰੂ ਨਾਨਕ)

ਚੈਨ ਤਾਂ ਪੂਰੀ ਦੁਨੀਆ ਨੂੰ ਦਰਕਾਰ ਹੈ ਪਰ ਚਾਰੇ ਪਾਸੇ ਬੇਚੈਨੀ ਨਜ਼ਰ ਆਉਂਦੀ ਹੈ। ਮਨ ਮਨੁੱਖੀ ਜਜ਼ਬਾਤ ਨੂੰ ਕਾਬੂ ਕਰਦਾ ਹੈ। ਜਦੋਂ ਮਨੁੱਖ ਆਪਣੀ ਪਛਾਣ ਨੂੰ ਮਨ ਤੋਂ ਨਿਖੇੜ ਲੈਂਦਾ ਹੈ ਤਾਂ ਇਸ ਵਿੱਚੋਂ ਉਪਜਦੇ ਜਜ਼ਬਾਤ ਮੱਠੇ ਪੈ ਜਾਂਦੇ ਹਨ। ਉਸ ਤੋਂ ਬਾਦ ਸੋਚਾਂ ਦੀ ਪਾਕੀਜ਼ਗੀ ਬਚਦੀ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਜਦੋਂ ਸੋਚਾਂ ਅਤੇ ਇਰਾਦੇ ਨਿਰਮਲ ਹੋ ਜਾਂਦੇ ਹਨ ਤਾਂ ਚੈਨ ਮਿਲਦਾ ਹੈ।

ਤਾਰਾ ਸਿੰਘ ਨਿਰੋਤਮ ਨੇ ਅਠਾਰਾਂ ਸੌ ਚੌਰਾਸੀ ਵਿੱਚ ਆਪਣੀ ਕਿਤਾਬ 'ਗੁਰ ਤੀਰਥ ਸੰਗ੍ਰਿਹ' ਵਿੱਚ ਲਿਖਿਆ ਹੈ ਕਿ ਭਰੂਚ ਵਿੱਚ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ 'ਉਦਾਸੀ' ਬਰਾਦਰੀ ਨੇ 'ਨਾਨਕ ਵਾੜੀ' ਨਾਮ ਦਾ ਅਸਥਾਨ ਬਣਾਇਆ ਸੀ। ਇਸ ਅਸਥਾਨ ਦੇ ਮਹੰਤ ਨਰਬਦਾ ਦਾਸ ਨਾਮੀ 'ਉਦਾਸੀ' ਸੰਤ ਸਨ। ਉਹ ਅਸਥਾਨ ਭਰੂਚ ਰੇਲਵੇ ਸਟੇਸ਼ਨ ਦੇ ਲਾਗੇ ਸੀ। ਜਦੋਂ ਅਠਾਰ੍ਹਵੀਂ ਸਦੀ ਵਿੱਚ ਬ੍ਰਿਟਿਸ਼ ਸਰਕਾਰ ਨੇ ਜ਼ਮੀਨ ਹਾਸਿਲ ਕਰ ਲਈ ਤਾਂ ਉਸ ਅਸਥਾਨ ਦਾ ਨਿਸ਼ਾਨ ਮਿਟ ਗਿਆ।

ਗੁਰੂ ਨਾਨਕ ਦੇ ਇੱਥੇ ਆਉਣ ਦੀ ਯਾਦ ਵਿੱਚ ਸਿੱਖ ਬਰਾਦਰੀ ਨੇ ਉੱਨੀ ਸੌ ਅਠਾਸੀ ਵਿੱਚ ਨਰਮਦਾ ਨਦੀ ਦੇ ਕੰਢੇ ਗੁਰਦਵਾਰਾ ਚਾਦਰ ਸਾਹਿਬ ਬਣਾਇਆ।

ਅਮਰਦੀਪ ਸਿੰਘ: ਭਰੂਚ ਸ਼ਹਿਰ ਨਰਮਦਾ ਨਦੀ ਦੇ ਕੰਢੇ ਪੁਰਾਤਨ ਸਮੇਂ ਤੋਂ ਆਬਾਦ ਹੈ। ਇਹ ਗੁਰਦਵਾਰਾ ਗੁਰੂ ਨਾਨਕ ਦੇ ਇੱਥੇ ਆਉਣ ਦੀ ਯਾਦਗਾਰ ਹੈ।

ਇਸ ਅਸਥਾਨ ਉੱਤੇ ਲੱਗੀ ਜਾਣਕਾਰੀ ਦੀ ਤਖ਼ਤੀ ਵਿੱਚ ਦਰਜ ਹੈ ਕਿ ਗੁਰੂ ਨਾਨਕ ਅਤੇ ਭਾਈ ਮਰਦਾਨਾ ਰਾਤ ਨੂੰ ਨਰਮਦਾ ਨਦੀ ਦੇ ਕੰਢੇ ਪਹੁੰਚੇ ਸਨ। ਜਦੋਂ ਮਲਾਹ ਨੇ ਰਾਤ ਦੇ ਹਨੇਰੇ ਵਿੱਚ ਉਨ੍ਹਾਂ ਨੂੰ ਨਦੀ ਪਾਰ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਨਾਨਕ ਨੇ ਨਦੀ ਵਿੱਚ ਚਾਦਰ ਵਿਛਾ ਦਿੱਤੀ ਅਤੇ ਉਸ ਉੱਤੇ ਤੈਰ ਕੇ ਨਦੀ ਪਾਰ ਕੀਤੀ। ਇਸ ਘਟਨਾ ਦਾ ਜ਼ਿਕਰ ਪਹਿਲੀਆਂ 'ਜਨਮਸਾਖੀਆਂ' ਵਿੱਚ ਨਹੀਂ ਆਉਂਦਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਸਫ਼ਰ ਕਰਦੇ ਹੋਏ ਸਾਡਾ ਵਾਹ ਅਜਿਹੇ ਕਈ ਬਿਰਤਾਂਤਾਂ ਨਾਲ ਪਿਆ ਹੈ ਜੋ ਭੋਲੇ-ਭਾਲੇ ਲੋਕਾਂ ਦਾ ਧਿਆਨ ਖਿੱਚਣ ਲਈ ਬਣੇ ਜਾਪਦੇ ਹਨ। ਜਦੋਂ ਮੈਂ ਗੁਰੂ ਨਾਨਕ ਦੀ ਬਾਣੀ ਪੜ੍ਹਦਾ ਹਾਂ ਤਾਂ ਮੈਨੂੰ ਸੂਝ ਮਿਲਦੀ ਹੈ ਅਤੇ ਨਾਸਾਜ਼ਗਾਰ ਹਾਲਾਤ ਨਾਲ ਸਿੱਝਣ ਦੀ ਸ਼ਕਤੀ ਮਿਲਦੀ ਹੈ ਜਿਸ ਨਾਲ ਅਮਲੀ ਹੱਲ ਨਿਕਲਦੇ ਹਨ। ਮੈਨੂੰ ਲਗਦਾ ਹੈ ਕਿ ਗੁਰੂ ਨਾਨਕ ਦੇ ਸ਼ਬਦ ਉਹ ਕਸਵੱਟੀ ਹਨ ਜੋ ਉਨ੍ਹਾਂ ਦੇ ਵਿਹਾਰਕ ਫ਼ਲਸਫ਼ੇ ਦੀ ਤਸਦੀਕ ਕਰਦੇ ਹਨ।

ਗੁਰੂ ਨਾਨਕ ਨੇ ਤਸ਼ਬੀਹ ਪੱਖੋਂ ਵਿਵੇਕ ਦੀ ਤੁਲਨਾ ਕਿਸ਼ਤੀ ਨਾਲ ਕੀਤੀ ਹੈ ਜੋ ਮੁਸਾਫ਼ਰਾਂ ਨੂੰ ਔਕੜਾਂ ਦੀ ਨਦੀ ਪਾਰ ਕਰਵਾਉਂਦੀ ਹੈ।

ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥
ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥

---

(ਸਿਰੀ ਰਾਗ, ਗੁਰੂ ਨਾਨਕ)

ਗੁਰੂ ਤੋਂ ਪ੍ਰਾਪਤ ਵਿਵੇਕ ਹੀ ਪੌੜੀ ਅਤੇ ਕਿਸ਼ਤੀ ਹੈ ਅਤੇ ਇਹੋ ਬੇੜਾ ਹੈ ਜੋ ਮੇਰੇ ਮਨ ਨੂੰ ਚੈਨ ਦਿੰਦਾ ਹੈ। ਰੂਹਾਨੀ ਵਿਵੇਕ ਹੀ ਉਹ ਕਿਸ਼ਤੀ ਹੈ ਜੋ ਮੈਨੂੰ ਦੁਨਿਆਵੀ ਸਮੁੰਦਰ ਤੋਂ ਪਾਰ ਕਰਵਾਉਂਦਾ ਹੈ। ਰੂਹਾਨੀ ਵਿਵੇਕ ਹੀ ਤੀਰਥ ਦਾ ਮੁਕੱਦਸ ਅਸਥਾਨ ਹੈ। ਗੁਰੂ ਹੀ ਪਵਿੱਤਰ ਦਰਿਆ ਹੈ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਭਰੂਚ ਤੋਂ ਨਰਮਦਾ ਨਦੀ ਰਾਹੀਂ ਅਰਬ ਸਾਗਰ ਵਿੱਚੋਂ ਹੁੰਦੇ ਹੋਏ ਪ੍ਰਭਾਸ ਪਟਨ ਪਹੁੰਚੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਸੜਕ ਰਾਹੀਂ ਪ੍ਰਭਾਸ ਪਟਨ ਜਾ ਰਹੇ ਹਾਂ।

ਪ੍ਰਭਾਸ ਪਟਨ ਸਦੀਆਂ ਤੋਂ ਸਮੁੰਦਰੀ ਜਹਾਜ਼ ਬਣਾਉਣ ਲਈ ਮਸ਼ਹੂਰ ਹੈ ਅਤੇ ਬੰਦਰਗਾਹ ਵੀ ਹੈ। ਇਸ ਨੂੰ ਸੋਮਨਾਥ ਪਟਨ ਵੀ ਕਹਿੰਦੇ ਹਨ ਜੋ ਇਤਿਹਾਸਕ ਸੋਮਨਾਥ ਮੰਦਿਰ ਦੇ ਨਾਮ ਉੱਤੇ ਹੈ।

ਅਮਰਦੀਪ ਸਿੰਘ: ਜਦੋਂ ਗੁਰੂ ਨਾਨਕ ਸੋਮਨਾਥ ਮੰਦਿਰ ਦੀ ਯਾਤਰਾ ਲਈ ਆਏ ਸਨ ਤਾਂ ਪ੍ਰਭਾਸ ਬੰਦਰਗਾਹ ਸੀ। ਸੋਮਨਾਥ ਮੰਦਿਰ 'ਸੋਮ' ਮਤਲਬ ਕਿ ਚੰਦ, ਭਗਵਾਨ ਸ਼ਿਵ ਅਤੇ ਤਿੰਨ ਨਦੀਆਂ ਦੇ ਸੰਗਮ ਨੂੰ ਮਨਸੂਬ ਹੈ।

ਅਸੀਂ ਸੋਮਨਾਥ ਮੰਦਿਰ ਜਾ ਰਹੇ ਹਾਂ ਜੋ ਹਿੰਦੂ ਜ਼ਿਆਰਤੀਆਂ ਦਾ ਮਰਕਜ਼ ਹੈ। ਇਸ ਅਸਥਾਨ ਨਾਲ ਜੁੜੀ ਮਨੌਤ ਹੈ ਕਿ ਜਦੋਂ ਚੰਦ ਦੀ ਚਾਂਦਨੀ ਖ਼ਤਮ ਹੋਣ ਦੀ ਹੱਦ ਤੱਕ ਘਟ ਗਈ ਸੀ ਤਾਂ ਭਗਵਾਨ ਸ਼ਿਵ ਦੀ ਊਰਜਾ ਨਾਲ ਇਹ ਦੂਜ ਦੇ ਚੰਦ ਤੋਂ ਅੱਧਾ ਚੰਦ ਹੁੰਦਾ ਹੋਇਆ ਪੂਰਨਮਾਸੀ ਦਾ ਚੰਦ ਵਜੋਂ ਮੁਕੰਮਲ ਨੂਰ ਉੱਤੇ ਆ ਗਿਆ। ਭਾਰਤੀ ਰੀਤ ਮੁਤਾਬਕ ਚੰਦ ਮਨੁੱਖਾ ਮਨ ਦੀ ਤਰਜਮਾਨੀ ਕਰਦਾ ਹੈ। ਇਸ ਲਈ ਚੰਦ ਦਾ ਵਧਣਾ ਅਤੇ ਘਟਣਾ ਮਨੁੱਖਾ ਜਜ਼ਬਾਤ ਵਿੱਚ ਵਾਪਰਦੀ ਤਬਦੀਲੀ ਨੂੰ ਪੇਸ਼ ਕਰਦਾ ਹੈ।

ਸੋਮਨਾਥ ਮੰਦਿਰ ਭਾਰਤ ਵਿੱਚ 'ਜੋਤਿਰਲਿੰਗ' ਵਾਲੇ ਬਾਰ੍ਹਾਂ ਅਸਥਾਨ ਵਿੱਚੋਂ ਇੱਕ ਹੈ ਜੋ ਭਗਵਾਨ ਸ਼ਿਵ ਦੇ ਵੱਖ-ਵੱਖ ਰੂਪਾਂ ਦੀ ਪੇਸ਼ਕਾਰੀ ਕਰਦੇ ਹਨ।

ਪ੍ਰਭਾਸ ਪਟਨ ਦੇ ਤ੍ਰਿਵੇਣੀ ਘਾਟ ਤੋਂ ਤ੍ਰਿਵੇਣੀ ਸੰਗਮ ਦਿਖਾਈ ਦਿੰਦਾ ਹੈ। ਇਸ ਨਦੀਆਂ ਦੇ ਸੰਗਮ ਉੱਤੇ ਹਿਰਨ, ਕਪਿਲਾ ਅਤੇ ਮਿਥਿਹਾਸਕ ਗ਼ੈਰ-ਹਾਜ਼ਰ ਸਰਸਵਤੀ ਮਿਲ ਕੇ ਅਰਬ ਸਾਗਰ ਵਿੱਚ ਪੈਂਦੀਆਂ ਹਨ।

ਹਿੰਦੂ ਰੀਤ ਵਿੱਚ ਇਸ ਸੰਗਮ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਇਸ ਤੋਂ ਬਾਦ ਇਹ ਨਦੀਆਂ ਆਪਣੀ ਅੰਤਿਮ ਮੰਜ਼ਿਲ, ਸਮੁੰਦਰ ਵਿੱਚ ਜਾ ਪੈਂਦੀਆਂ ਹਨ। ਸਮੁੰਦਰ ਜਨਮ, ਜੀਵਨ ਅਤੇ ਮੌਤ ਦੇ ਸੰਗਮ ਦੀ ਨੁਮਾਇੰਦਗੀ ਕਰਦਾ ਹੈ। ਸ਼ਰਧਾਲੂ ਮਜ਼ਹਬੀ ਕਰਮ-ਕਾਂਡ ਕਰਨ ਅਤੇ ਪਾਪ ਧੋਣ ਵਾਲਾ ਇਸ਼ਨਾਨ ਕਰਨ ਲਈ ਇਸ ਅਸਥਾਨ ਦੀ ਜ਼ਿਆਰਤ ਕਰਦੇ ਹਨ।

ਮੈਂ ਪ੍ਰਭਾਸ ਪਟਨ ਦੇ ਇੱਕ ਮੰਦਿਰ ਦੀਆਂ ਪੌੜੀਆਂ ਉੱਤੇ ਬੈਠਾ ਕੁੱਤਾ ਦੇਖਿਆ ਜਿਸ ਦਾ ਧਿਆਨ ਮੁਕੱਦਸ ਅਸਥਾਨ ਉੱਤੇ ਟਿਕਿਆ ਹੋਇਆ ਸੀ। ਮਨੁੱਖ ਲਈ ਕੁੱਤੇ ਦਾ ਖ਼ਾਸਾ ਕਈ ਅਹਿਮ ਖ਼ਸੂਸੀਆਤ ਦਾ ਇਜ਼ਹਾਰ ਕਰਦਾ ਹੈ ਇਨ੍ਹਾਂ ਵਿੱਚ ਆਪਣੇ ਮਾਲਕ ਨਾਲ ਵਫ਼ਾਦਾਰੀ ਅਤੇ ਬੇਗ਼ਰਜ਼ ਪਿਆਰ ਸ਼ਾਮਿਲ ਹਨ। ਇਹ ਨਜ਼ਾਰਾ ਦੇਖ ਕੇ ਮੇਰੇ ਦਿਮਾਗ਼ ਵਿੱਚ ਗੁਰੂ ਨਾਨਕ ਦਾ ਸ਼ਬਦ ਆਇਆ ਹੈ ਜਿਸ ਵਿੱਚ ਉਨ੍ਹਾਂ ਨੇ ਕੁੱਤੇ ਦੀ ਤਸ਼ਬੀਹ ਦਿੰਦੇ ਹੋਏ ਯਾਦ-ਦਹਾਨੀ ਕਰਦੇ ਹੋਏ ਸਮਝਾਇਆ ਹੈ ਕਿ ਹਾਜ਼ਰਾ-ਹਜ਼ੂਰ ਸਾਹਮਣੇ ਸਮਰਪਣ ਅਤੇ ਵਫ਼ਾਦਾਰੀ ਦਾ ਇਜ਼ਹਾਰ ਕਰਨ ਲਈ ਮਨੁੱਖ ਨੂੰ ਆਪਣੇ ਅਮਲਾਂ ਦੀ ਰਾਖੀ ਕਰਨੀ ਪੈਂਦੀ ਹੈ ਜੋ ਸਮੇਂ ਦੇ ਨਾਲ ਕਰਮ-ਕਾਂਡੀ ਦਸਤੂਰ ਬਣ ਜਾਂਦੇ ਹਨ।

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ॥
(ਰਾਗ ਬਿਲਾਵਲ, ਗੁਰੂ ਨਾਨਕ)

ਹਉਮੈ ਵਾਲਾ ਕੁੱਤਾ ਆਪਣੀ ਬਰਾਦਰੀ ਵਿੱਚ ਬੇਗ਼ਾਨਾ ਹੋ ਜਾਂਦਾ ਹੈ। ਉਹ ਆਪਣੇ ਤਨ ਦੇ ਗੁਮਾਨ ਵਿੱਚ ਭੌਂਕਦਾ ਹੈ।
ਨਾਨਕ ਨੇ ਫ਼ਰਮਾਇਆ ਕਿ ਮਨ ਵਿੱਚ ਪਰੇਸ਼ਾਨੀ ਹੋਣ ਦੇ ਬਾਵਜੂਦ ਹਾਜ਼ਰਾ-ਹਜ਼ੂਰ ਦੇ ਗੁਣਾਂ ਨੂੰ ਭੁੱਲਣਾ ਨਹੀਂ ਚਾਹੀਦਾ।
(ਰਾਗ ਬਿਲਾਵਲ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪ੍ਰਭਾਸ ਪਟਨ ਤੋਂ ਜੂਨਾਗੜ੍ਹ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪ੍ਰਭਾਸ ਪਟਨ ਤੋਂ ਜੂਨਾਗੜ੍ਹ ਜਾ ਰਹੇ ਹਾਂ।

ਅਮਰਦੀਪ ਸਿੰਘ: ਜੂਨਾਗੜ ਗਿਰਨਾਰ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੋਇਆ ਹੈ। ਇੱਥੇ ਕਈ ਪੁਰਾਣੀਆਂ ਮਸਜਿਦਾਂ, ਬੁੱਧ ਮਤ ਦੀਆਂ ਗੁਫ਼ਾਵਾਂ, ਜੈਨ ਅਤੇ ਹਿੰਦੂ ਮੰਦਿਰ ਹਨ ਜੋ ਇਸ ਸ਼ਹਿਰ ਦੇ ਅਮੀਰ ਮਜ਼ਹਬੀ ਅਤੇ ਤਹਿਜ਼ੀਬੀ ਵਿਰਸੇ ਦਾ ਇਜ਼ਹਾਰ ਕਰਦੇ ਹਨ।

ਗਿਰਨਾਰ ਵਿੱਚ ਪੁਰਾਤਨ ਪਥਰ ਹਨ ਜਿਨ੍ਹਾਂ ਉੱਤੇ ਬੁੱਧ 'ਧਰਮ' ਦੇ ਫ਼ਰਮਾਨ ਖੁਦੇ ਹੋਏ ਹਨ ਜੋ ਨੇਕੀ, ਅਮਨ ਅਤੇ ਇਤਫ਼ਾਕ ਦਾ ਸੁਨੇਹਾ ਦਿੰਦੇ ਹਨ। ਇਹ ਫ਼ਰਮਾਨ ਮਹਾਰਾਜਾ ਅਸ਼ੋਕ ਨੇ ਦੋ ਸੌ ਪੰਜਾਹ ਈਸਾ ਪੂਰਬ ਕਲਿੰਗਾ ਦੀ ਜੰਗ ਵਿੱਚ ਅਨੇਕ ਮਨੁੱਖੀ ਜਾਨਾਂ ਦੇ ਨੁਕਸਾਨ ਦਾ ਦ੍ਰਿਸ਼ ਦੇਖ ਕੇ ਬੁੱਧ ਧਰਮ ਧਾਰਨ ਕਰਨ ਤੋਂ ਬਾਦ ਖੁਦਵਾਏ ਸਨ। ਉਸ ਨੇ ਆਪਣੀ ਜ਼ਿੰਦਗੀ ਬੁੱਧ ਦਾ 'ਅਹਿੰਸਾ' ਦਾ ਸੁਨੇਹਾ ਦੇਣ ਲਈ ਮਨਸੂਬ ਕਰ ਦਿੱਤੀ ਸੀ ਅਤੇ ਇਸ ਤਰ੍ਹਾਂ ਦੇ ਫ਼ਰਮਾਨ ਮੌਜੂਦਾ ਦੌਰ ਦੇ ਅਫ਼ਗ਼ਾਨਿਸਤਾਨ, ਪਾਕਿਸਤਾਨ ਅਤੇ ਇੰਡੀਆ ਦੇ ਅਹਿਮ ਅਸਥਾਨ ਉੱਤੇ ਲਗਵਾਏ ਸਨ।

ਉਪਾਰਕੋਟ ਦੇ ਲਾਗੇ ਬੋਧੀ ਅਤੇ ਜੈਨੀ ਬਿਹਾਰਾਂ ਦੀਆਂ ਨਿਸ਼ਾਨੀਆਂ ਮਿਲਦੀਆਂ ਹਨ। ਪਹਿਲੀ ਸਦੀ ਦੀਆਂ ਗੁਫ਼ਾਵਾਂ ਦੇ ਖੰਡਰ ਕਦੇ ਭਿਕਸ਼ੂਆਂ ਦੀ ਰਿਹਾਇਸ਼ਗਾਹ ਸਨ ਜੋ ਪਹਾੜਾਂ ਨੂੰ ਚੀਰ ਕੇ ਬਣਾਈਆਂ ਗਈਆਂ ਸਨ।

ਜਦੋਂ ਗੁਰੂ ਨਾਨਕ ਨੇ ਇਸ ਅਸਥਾਨ ਦੀ ਯਾਤਰਾ ਕੀਤੀ ਤਾਂ ਇਸ ਦਾ ਨਾਮ 'ਸੋਰਠ ਦੇਸ਼' ਸੀ ਜੋ ਰਾਣੀ ਸੋਰਠ ਦੇ ਨਾਮ ਉੱਤੇ ਪਿਆ ਸੀ। ਰਾਣੀ ਸੋਰਠ ਸਿੰਧ ਦੀਆਂ ਸੱਤ ਅਫ਼ਸਾਨਵੀਂ ਬਹਾਦਰ ਔਰਤਾਂ ਵਿੱਚੋਂ ਇੱਕ ਹੈ। ਉਹ ਆਪਣੇ ਖਾਵੰਦ ਦੇ ਪਿਆਰ ਦੀ ਤਸਦੀਕ ਵਜੋਂ ਜਾਨ ਕੁਰਬਾਨ ਕਰਨ ਲਈ ਜਾਣੀ ਜਾਂਦੀ ਹੈ। ਉਸ ਦਾ ਖਾਵੰਦ ਜੂਨਾਗੜ੍ਹ ਦਾ ਰਾਜਾ ਰਾਏ ਦੀਯਾਚ ਸੀ। ਇਹ ਮੰਨਿਆ ਜਾਂਦਾ ਹੈ ਕਿ ਭਾਰਤੀ ਸੰਗੀਤ ਪਰੰਪਰਾ ਵਿੱਚ 'ਰਾਗ ਸੋਰਠ' ਦਾ ਪ੍ਰੇਰਨਾ ਸਰੋਤ ਰਾਣੀ ਸੋਰਠ ਦੇ ਗੁਣ ਸਨ। ਇਹ ਰਾਗ ਮਨੁੱਖ ਅੰਦਰ ਆਪਣੇ ਅਕੀਦਿਆਂ ਮੁਤਾਬਕ ਸ਼ਿੱਦਤ ਨਾਲ ਅਮਲ ਦੀ ਤਾਂਘ ਪੈਦਾ ਕਰਦਾ ਹੈ।

ਗੁਰੂ ਨਾਨਕ ਨੇ ਆਪਣਾ ਡੂੰਘਾ ਸੁਨੇਹਾ ਦੇਣ ਲਈ ਦਿਆਨਤਦਾਰੀ ਨਾਲ ਇਲਾਕਾਈ ਲੋਕਧਾਰਾ ਅਤੇ ਇਖ਼ਲਾਕੀ ਕਹਾਣੀਆਂ ਦਾ ਇਸਤੇਮਾਲ ਕੀਤਾ ਤਾਂ ਜੋ ਮੁਕਾਮੀ ਆਬਾਦੀ ਤੱਕ ਸੁਨੇਹੇ ਦੀ ਸੁਖਾਲੀ ਰਸਾਈ ਹੋ ਸਕੇ। ਗਿਰਨਾਰ ਪਹਾੜੀਆਂ ਵਿੱਚ ਗੁਰੂ ਨਾਨਕ ਨੇ 'ਸੋਰਠ ਰਾਗ' ਵਿੱਚ ਗਾਇਆ।

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥
ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ॥
ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ॥
ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ॥
(ਰਾਗ ਸੋਰਠ, ਗੁਰੂ ਨਾਨਕ)

ਸੋਰਠ ਸਦਾ ਸੁਹਾਂਵਦੀ ਹੈ ਜੇ ਮਨ ਵਿੱਚ ਸੱਚ ਦਾ ਵਾਸਾ ਹੋਵੇ ਤਾਂ।
ਜਦੋਂ ਬੋਲ-ਬਾਣੀ ਵਿੱਚ ਇਤਫ਼ਾਕ ਹੋਵੇ ਤਾਂ ਮਨ ਵਿੱਚ ਦੁਬਿਧਾ ਨਹੀਂ ਹੁੰਦੀ ਅਤੇ ਇਹ ਇਮਾਨ ਨਾਲ ਬੋਲਦੀ ਹੈ।
ਮਨ ਵਿੱਚ ਵਸੇ ਖ਼ੌਫ਼ ਨੂੰ ਪਾਰ ਪਾ ਲੈਂਦੀ ਹੈ ਅਤੇ ਬੇਝਿਜਕ ਵਿਵੇਕ ਹਾਸਿਲ ਕਰਦੀ ਹੈ।
ਦੁਨਿਆਵੀ ਲਾਲਸਾ ਤਿਆਗ ਕੇ ਰੂਹਾਨੀ ਸੂਝ ਨਾਲ ਇੱਕ-ਮਿੱਕ ਹੋ ਜਾਂਦੀ ਹੈ। ਇਲਾਹੀ ਨਾਲ ਆਨੰਦ ਦੀ ਹਾਲਤ ਵਿੱਚ ਰਹਿੰਦੀ ਹੈ।
(ਰਾਗ ਸੋਰਠ, ਗੁਰੂ ਨਾਨਕ)

ਜਦੋਂ ਬੋਲਾਂ ਵਿੱਚ ਪਾਕੀਜ਼ਗੀ ਅਤੇ ਦਿਲ ਵਿੱਚ ਅਦਵੈਤ ਦਾ ਵਾਸਾ ਹੁੰਦਾ ਹੈ ਤਾਂ ਮਨ ਸੱਚੇ ਮਾਰਗ ਦੇ ਅਕੀਦਿਆਂ ਨਾਲ ਜੁੜ ਜਾਂਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਜੂਨਾਗੜ ਪਹੁੰਚਣ ਤੋਂ ਬਾਅਦ ਗਿਰਨਾਰ ਪਹਾੜੀਆਂ ਵੱਲ ਚਾਲਾ ਪਾ ਦਿੱਤਾ।

ਹੁਣ ਅਸੀਂ ਗਿਰਨਾਰ ਪਹਾੜੀਆਂ ਨੂੰ ਜਾ ਰਹੇ ਹਾਂ ਜੋ ਜੂਨਾਗੜ ਤੋਂ ਚਾਰ ਕਿਲੋਮੀਟਰ ਦੇ ਫ਼ਾਸਲੇ ਉੱਤੇ ਹੈ।

ਅਮਰਦੀਪ ਸਿੰਘ: ਨੌ ਹਜ਼ਾਰ ਨੌ ਸੌ ਨੜਿਨਵੇਂ ਪੌੜੀਆਂ, ਗਿਰਨਾਰ ਪਹਾੜੀਆਂ ਉੱਤੇ ਬਣੇ ਹੋਏ ਪੁਰਾਤਨ ਅਸਥਾਨ ਤੱਕ ਜਾਣ ਲਈ ਚੜ੍ਹਨੀਆਂ ਪੈਂਦੀਆਂ ਹਨ। ਗੁਰੂ ਨਾਨਕ ਦੀਆਂ ਉਦਾਸੀਆਂ ਦੇ ਵੇਲੇ ਵਾਂਗ ਇਹ ਹੁਣ ਵੀ ਜ਼ਿਆਰਤ ਲਈ ਅਹਿਮ ਅਸਥਾਨ ਹਨ।

ਇਹ ਪੁਰਾਤਨ ਅਸਥਾਨ ਜੈਨ, ਸ਼ਿਵ, ਵਿਸ਼ਨੂੰ ਅਤੇ ਸ਼ਕਤੀ ਨਾਲ ਜੁੜੀਆਂ ਮਜ਼ਹਬੀ ਰੀਤਾਂ ਨਾਲ ਜੁੜੇ ਹੋਏ ਹਨ। ਪੁਰਾਤਨ ਸਮਿਆਂ ਤੋਂ ਹੀ ਵੱਖ-ਵੱਖ ਮਜ਼ਹਬੀ ਰੀਤਾਂ ਨਾਲ ਜੁੜੇ ਹੋਏ ਲੋਕ ਗਿਰਨਾਰ ਪਹਾੜੀਆਂ ਦੀ ਜ਼ਿਆਰਤ ਲਈ ਆਉਂਦੇ ਰਹੇ ਹਨ।

ਮੌਜੂਦਾ ਦੌਰ ਵਿੱਚ ਵੀ 'ਅਘੋਰੀ' ਅਤੇ 'ਨਾਂਗੇ' ਸਾਧੂਆਂ ਸਮੇਤ ਵੱਖ-ਵੱਖ ਰੀਤਾਂ ਨਾਲ ਜੁੜੇ ਸ਼ਰਧਾਲੂ ਇਨ੍ਹਾਂ ਪਹਾੜੀਆਂ ਵਿੱਚ ਜ਼ਿਆਰਤ ਲਈ ਆਉਂਦੇ ਹਨ।

ਗੁਰੂ ਨਾਨਕ ਦੀ ਉਦਾਸੀ ਵੇਲੇ ਗਿਰਨਾਰ ਦੀਆਂ ਪਹਾੜੀਆਂ ਗੁਰੂ ਦੱਤਾਤ੍ਰੇਅ ਦੇ ਸ਼ਰਧਾਲੂਆਂ ਲਈ ਅਹਿਮ ਮਰਕਜ਼ ਸਨ। ਗੁਰੂ ਦੱਤਾਤ੍ਰੇਅ, ਗੁਰੂ ਨਾਨਕ ਤੋਂ ਸਦੀਆਂ ਪਹਿਲਾਂ ਹੋਏ ਸਨ।

'ਜਨਮਸਾਖੀ' ਕਲਾ ਕਿਰਤਾਂ ਵਿੱਚ ਗੁਰੂ ਨਾਨਕ ਦੀ ਗਿਰਨਾਰ ਪਹਾੜੀਆਂ ਦੀ ਯਾਤਰਾ ਨੂੰ ਇੱਕ ਆਰਾਮ ਕਰ ਰਹੇ ਸੰਤ ਨਾਲ ਮੁਲਾਕਾਤ ਕਰਦੇ ਹੋਏ ਦਿਖਾਇਆ ਗਿਆ ਹੈ ਜੋ ਗੁਰੂ ਦੱਤਾਤ੍ਰੇਅ ਦੀ ਸੰਕੇਤਕ ਪੇਸ਼ਕਾਰੀ ਹੈ। ਗੁਰੂ ਦੱਤਾਤ੍ਰੇਅ ਨੂੰ 'ਤੰਤਰ' ਦਾ ਉਸਤਾਦ ਮੰਨਿਆ ਜਾਂਦਾ ਸੀ ਜਿਸ ਵਿੱਚ ਕਾਲਾ ਜਾਦੂ ਸ਼ਾਮਿਲ ਸੀ।

ਤਾਰਾ ਸਿੰਘ ਨਰੋਤਮ ਨੇ ਆਪਣੀ ਕਿਤਾਬ 'ਗੁਰੂ ਤੀਰਥ ਸੰਗ੍ਰਹਿ' ਵਿੱਚ ਅਠਾਰਾਂ ਸੌ ਚੌਰਾਸੀ ਵਿੱਚ ਦਰਜ ਕੀਤਾ ਹੈ ਕਿ ਜੂਨਾਗੜ ਵਿੱਚ ਗੁਰੂ ਨਾਨਕ ਦੀ ਆਮਦ ਦੀ ਯਾਦਗਾਰ ਵਜੋਂ ਗੁਰਦਵਾਰਾ ਚਰਨਪਾਦੁਕਾ ਬਣਿਆ ਹੋਇਆ ਸੀ। ਹੁਣ ਉਸ ਅਸਥਾਨ ਦੀ ਕੋਈ ਹੋਂਦ ਨਹੀਂ ਹੈ। ਦੱਸਿਆ ਜਾਂਦਾ ਹੈ ਕਿ ਇਹ ਅਸਥਾਨ ਦਰਵੇਸ਼ਾਂ ਦੀ 'ਸੁਥਰਾ ਸ਼ਾਹੀ' ਬਰਾਦਰੀ ਨੇ ਬਣਾਇਆ ਸੀ ਜੋ ਸੁਥਰਾ ਸ਼ਾਹ ਨਾਲ ਜੁੜੇ ਹੋਏ ਸਨ। ਸੁਥਰਾ ਸ਼ਾਹ ਗੁਰੂ ਹਰਗੋਬਿੰਦ, ਛੇਵੇ ਸਿੱਖ ਗੁਰੂ ਦੇ ਸ਼ਗਿਰਦ ਸਨ।

ਜੂਨਾਗੜ੍ਹ ਵਿੱਚ ਸਿੰਧੀ ਬਰਾਦਰੀ ਆਬਾਦ ਹੈ ਜਿਨ੍ਹਾਂ ਨੇ ਗੁਰੂ ਨਾਨਕ ਦੀ ਯਾਦ ਵਿੱਚ ਇਬਾਦਤ ਲਈ ਕਈ ਅਸਥਾਨ ਬਣਾਏ ਹਨ।

ਅਮਰਦੀਪ ਸਿੰਘ: ਜੂਨਾਗੜ ਵਿੱਚ ਇਹ ਗੁਰਦਵਾਰਾ ਸਿੰਧੀ ਬਰਾਦਰੀ ਨੇ ਬਣਾਇਆ ਹੈ ਜੋ ਪਾਕਿਸਤਾਨ ਤੋਂ ਹਿਜ਼ਰਤ ਕਰ ਕੇ ਆਈ ਸੀ।

ਸਾਡਾ ਇੱਕ ਸਿੰਧੀ ਪਰਿਵਾਰ ਦੇ ਘਰ ਜਾਣ ਦਾ ਸਬੱਬ ਬਣਿਆ ਹੈ ਜਿਨ੍ਹਾਂ ਦੇ ਆਪਣੇ ਘਰ ਦੀ ਹਦੂਦ ਦੇ ਅੰਦਰ ਹੀ ਗੁਰਦਵਾਰਾ ਹੈ।

ਅਮਰਦੀਪ ਸਿੰਘ: ਇਹ ਜੂਨਾਗੜ ਵਿੱਚ ਸਭ ਤੋਂ ਪੁਰਾਣਾ ਗੁਰਦਵਾਰਾ ਹੈ ਜੋ ਸਰਕਲ ਚੌਂਕ ਵਿੱਚ ਹੈ। ਇਸ ਸ਼ਹਿਰ ਵਿੱਚ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਸਿੰਧੀ ਬਰਾਦਰੀ ਨੇ ਇਹ ਗੁਰਦਵਾਰਾ ਬਣਾਇਆ ਸੀ।

ਜੂਨਾਗੜ੍ਹ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਅਸੀਂ ਦਵਾਰਕਾ ਜਾ ਰਹੇ ਹਾਂ ਤਾਂ ਜੋ ਭਗਤ ਪੀਪਾ ਦੀਆਂ ਯਾਦਾਂ ਨਾਲ ਸਾਂਝ ਪਾ ਸਕੀਏ। ਭਗਤ ਪੀਪਾ ਦਾ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਹੈ।

ਭਗਤ ਪੀਪਾ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਹਿੱਸਾ ਗੁਜਰਾਤ ਸੂਬੇ ਦੇ ਬੰਦਰਗਾਹ ਵਾਲੇ ਸ਼ਹਿਰ ਦਵਾਰਕਾ ਵਿੱਚ ਗੁਜ਼ਾਰਿਆ।

ਦਵਾਰਕਾ ਵਿੱਚ ਪੁਰਾਤਨ ਦਵਾਰਕਾਧੀਸ਼ ਮੰਦਿਰ ਹੈ ਜੋ ਕ੍ਰਿਸ਼ਨ ਭਗਵਾਨ ਨਾਲ ਜੁੜਿਆ ਹੋਇਆ ਅਹਿਮ ਤੀਰਥ ਅਸਥਾਨ ਹੈ।

ਭਗਤ ਪੀਪਾ ਦਾ ਜਨਮ ਚੌਦਾਂ ਸੌ ਪੱਚੀ ਵਿੱਚ ਰਾਜਸਥਾਨ ਦੇ ਪਿੰਡ ਗਗਰੌਨ ਵਿੱਚ ਸ਼ਾਹੀ ਰਾਜਪੂਤ ਪਰਿਵਾਰ ਵਿੱਚ ਹੋਇਆ ਸੀ। ਸ਼ਾਹੀ ਜ਼ਿੰਦਗੀ ਦੇ ਸੁੱਖ-ਆਰਾਮ ਮਾਣਦੇ ਹੋਏ ਵੀ ਭਗਤ ਪੀਪਾ ਦੇ ਅੰਦਰ ਰੂਹਾਨੀ ਗਿਆਨ ਦੀ ਤਾਂਘ ਸੀ। ਵਾਰਾਣਸੀ ਦੀ ਯਾਤਰਾ ਦੌਰਾਨ ਉਨ੍ਹਾਂ ਨੇ ਭਗਤ ਰਾਮਾਨੰਦ ਨੂੰ ਆਪਣਾ ਗੁਰੂ ਧਾਰਨ ਕਰਨ ਦੀ ਬੇਨਤੀ ਕੀਤੀ। ਭਗਤ ਰਾਮਾਨੰਦ ਨੇ ਉਨ੍ਹਾਂ ਨੂੰ ਉਦੋਂ ਤੱਕ ਆਪਣਾ ਸ਼ਗਿਰਦ ਬਣਾਉਣ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਉਹ ਆਪਣੇ ਦੁਨਿਆਵੀ ਰੁਤਬੇ ਨਾਲ ਜੁੜੀ ਹਉਮੈ ਦਾ ਤਿਆਗ ਨਹੀਂ ਕਰਦੇ ਤਾਂ ਜੋ ਉਚ-ਨੀਚ ਦੀ ਪਛਾਣ ਖ਼ਤਮ ਹੋ ਜਾਵੇ। ਇਸ ਤਰ੍ਹਾਂ ਭਗਤ ਪੀਪਾ ਨੇ ਆਪਣੇ ਸ਼ਾਹੀ ਰੁਤਬੇ ਦਾ ਤਿਆਗ ਕੀਤਾ ਅਤੇ ਰੂਹਾਨੀਅਤ ਦੇ ਰਾਹ ਪੈ ਗਏ।

ਭਗਤ ਪੀਪਾ ਅਤੇ ਉਨ੍ਹਾਂ ਦੀ ਬੀਵੀ ਨੇ ਆਮ ਲੋਕਾਂ ਦੀ ਸੇਵਾ ਕਰਨ ਲਈ ਸਾਰੇ ਮੁਲਕ ਦਾ ਸਫ਼ਰ ਕੀਤਾ ਅਤੇ ਹਲੀਮੀ ਦੀ ਲਾਸਾਨੀ ਮਿਸਾਲ ਪੈਦਾ ਕੀਤੀ। ਉਹ ਆਪਣੇ ਸੰਗੀਤਬੱਧ ਕੀਤੇ ਹੋਏ ਭਜਨ ਗਾ ਕੇ ਕਮਾਈ ਕਰਦੇ ਸਨ ਅਤੇ ਸਾਰੀ ਕਮਾਈ ਲੋੜਵੰਦਾਂ ਵਿੱਚ ਵੰਡ ਦਿੰਦੇ ਸਨ।

ਦਵਾਰਕਾ ਵਿੱਚ ਭਗਤ ਪੀਪਾ ਜੀ ਨਾਲ ਜੁੜਿਆ ਕੋਈ ਅਸਥਾਨ ਲੱਭਣ ਦੇ ਚੋਖੇ ਉਪਰਾਲਿਆਂ ਤੋਂ ਬਾਅਦ ਅਸੀਂ ਨਿਗੂਣੇ ਜਿਹੇ ਅਸਥਾਨ ਉੱਤੇ ਪਹੁੰਚੇ ਹਾਂ ਜੋ ਦਵਾਰਕਾਧੀਸ਼ ਮੰਦਿਰ ਦੇ ਪਿੱਛੇ ਹੈ।

ਦੀਆਯਾ ਲਾਲ ਹਰੀਦਾਸ: ਭਗਤ ਮਾਲ ਨਾਮ ਦੀ ਕਿਤਾਬ ਵਿੱਚ ਲਿਖਿਆ ਹੈ ਕਿ ਪੀਪਾ ਜੀ ਭਗਤ ਦਾ ਪਿੰਡ ਪੀਪਾਵਾਓ ਹੈ। ਪੀਪਾ ਜੀ ਕੱਪੜਾ ਸਿਊਂਣ ਵਾਲੀ ਦਰਜ਼ੀ ਬਰਾਦਰੀ ਦੇ ਗੁਰੂ ਹਨ। ਇਸ ਮੰਦਿਰ ਵਿੱਚ ਪੀਪਾ ਜੀ ਦਾ ਸਰੂਪ ਹੈ ਜੋ ਪਹਿਲਾਂ ਮਿੱਟੀ ਦਾ ਬਣਿਆ ਹੋਇਆ ਸੀ।

ਭਗਤ ਪੀਪਾ ਭਗਤੀ ਲਹਿਰ ਦੇ ਗੁਰੂ ਨਾਨਕ ਦੇ ਸਮਕਾਲੀ ਭਗਤਾਂ ਵਿੱਚ ਸ਼ੁਮਾਰ ਹਨ। ਗੁਰੂ ਨਾਨਕ ਅਤੇ ਭਗਤ ਪੀਪਾ ਦੀ ਮੁਲਾਕਾਤ ਦਾ ਕੋਈ ਸਬੂਤ ਨਹੀਂ ਮਿਲਦਾ। ਉਨ੍ਹਾਂ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੋਣਾ ਦਰਸਾਉਂਦਾ ਹੈ ਕਿ ਦੋਵਾਂ ਵਿੱਚ ਅਦਵੈਤਵਾਦ ਅਤੇ ਸਿਰਜਣਾ ਦੀ ਵਹਿਦਤ ਬਾਰੇ ਸਾਂਝ ਹੈ।

ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥
(ਰਾਗ ਧਨਾਸਰੀ, ਭਗਤ ਪੀਪਾ)

ਮੈਂ ਦੁਨੀਆ ਦੇ ਬਹੁਤ ਇਲਾਕਿਆਂ ਵਿੱਚ ਲੱਭਿਆ ਪਰ ਮੈਨੂੰ ਨੌਂ ਨਿਧੀਆਂ ਆਪਣੇ ਪਿੰਡੇ ਵਿੱਚ ਮਿਲੀਆਂ ਹਨ।
ਜਦੋਂ ਮੇਰੇ ਉੱਤੇ ਹਾਜ਼ਰਾ-ਹਜ਼ੂਰ ਦੀ ਬਖ਼ਸ਼ਿਸ਼ ਹੈ ਤਾਂ ਮੇਰੇ ਲਈ ਆਵਾਗਮਨ ਦਾ ਕੋਈ ਮਾਮਲਾ ਨਹੀਂ।
ਜੋ ਬ੍ਰਹਿਮੰਡ ਵਿੱਚ ਹੈ ਉਹ ਮਨੁੱਖ ਦੇ ਪਿੰਡੇ ਵਿੱਚ ਹੈ। ਵਡਭਾਗੀ ਮਨੁੱਖ ਆਪਣੀ ਖੋਜ ਦਾ ਨਤੀਜਾ ਆਪਣੇ ਵਿੱਚ ਪਾਉਂਦਾ ਹੈ।
ਪੀਪਾ ਫ਼ਰਮਾਉਂਦੇ ਹਨ ਕਿ ਜ਼ਾਹਿਰ ਹੋਇਆ ਸੱਚ ਹੀ ਪਰਮ ਹੈ। ਸਤਿਗੁਰੂ ਦੀ ਰਹਿਨੁਮਾਈ ਨਾਲ ਜ਼ਾਹਿਰ ਹੋਂਦਾ ਹੈ।
(ਰਾਗ ਧਨਾਸਰੀ, ਭਗਤ ਪੀਪਾ)

ਭਗਤ ਪੀਪਾ ਆਖਦੇ ਹਨ ਕਿ ਸਮੁੱਚੀ ਕਾਇਨਾਤ ਸਰਵ-ਸ਼ਕਤੀਮਾਨ ਦਾ ਹਾਜ਼ਰਾ ਰੂਪ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਜੂਨਾਗੜ ਤੋਂ ਅਹਿਮਦਾਬਾਦ ਦਾ ਪੈਰੀਂ ਸਫ਼ਰ ਕੀਤਾ।

ਹੁਣ ਅਸੀਂ ਦਵਾਰਕਾ ਦਾ ਵਲ਼ ਪਾਉਣ ਤੋਂ ਬਾਅਦ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਵਾਪਸ ਆਉਂਦੇ ਹੋਏ ਜੂਨਾਗੜ ਤੋਂ ਅਹਿਮਦਾਬਾਦ ਜਾ ਰਹੇ ਹਾਂ।

ਅਹਿਮਦਾਬਾਦ ਇੰਡੀਆ ਦੇ ਸੂਬੇ ਗੁਜਰਾਤ ਵਿੱਚ ਸਾਬਰਮਤੀ ਨਦੀ ਦੇ ਕੰਢੇ ਆਬਾਦ ਹੈ। ਇਤਿਹਾਸਕ ਤੌਰ ਉੱਤੇ ਇਹ ਹਿੰਦੂ ਰਾਜਿਆਂ ਦੇ ਰਾਜ ਵਿੱਚ ਰਿਹਾ ਅਤੇ ਚੌਦ੍ਹਵੀਂ ਸਦੀ ਵਿੱਚ ਦਿੱਲੀ ਸਲਤਨਤ ਦਾ ਹਿੱਸਾ ਬਣਿਆ। ਸੁਲਤਾਨ ਮੁਜ਼ੱਫਰ ਸ਼ਾਹ ਨੇ ਚੌਦਾਂ ਸੌ ਗਿਆਰਾਂ ਵਿੱਚ ਇਸ ਦਾ ਨਾਮ ਅਹਿਮਦਾਬਾਦ ਰੱਖਿਆ।

ਅਹਿਮਦਾਬਾਦ ਵਿੱਚ ਸਾਨੂੰ ਗੁਰੂ ਨਾਨਕ ਦੀ ਆਮਦ ਦੀ ਕੋਈ ਨਿਸ਼ਾਨੀ ਨਹੀਂ ਮਿਲੀ। ਗੁਰੂ ਨਾਨਕ ਦੀ ਨਾਮਲੇਵਾ ਸੰਗਤ ਗੁਰਦਵਾਰਾ ਗੋਬਿੰਦ ਧਾਮ ਵਿੱਚ ਜੁੜਦੀ ਹੈ।
ਇਸ ਸ਼ਹਿਰ ਵਿੱਚ ਮਸਜਿਦਾਂ ਹਨ ਜੋ ਇਸਲਾਮੀ ਅਤੇ ਹਿੰਦੂ ਇਮਾਰਤਸਾਜ਼ੀ ਦਾ ਅਨੋਖਾ ਮਿਲਗੋਭਾ ਹਨ। ਇਮਾਰਤਸਾਜ਼ੀ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਇਮਾਰਤਾਂ ਦਾ 'ਜੁੱਸਾ ਹਿੰਦੂ ਅਤੇ ਲਿਬਾਸ ਇਸਲਾਮੀ' ਹੈ।

ਇਨ੍ਹਾਂ ਅਸਥਾਨਾਂ ਦੀ ਕਾਰੀਗਰੀ ਦੇਖ ਕੇ ਮੈਨੂੰ ਗੁਰੂ ਨਾਨਕ ਦੇ ਕਾਇਨਾਤੀ ਸ਼ਕਤੀ ਦੇ ਹਲੀਮ ਗੁਣਾਂ ਦੀ ਸਲਾਹੁਤਾ ਵਾਲੇ ਸ਼ਬਦ ਯਾਦ ਆਏ ਹਨ। ਸਮੁੱਚੀ ਵੰਨ-ਸਵੰਨਤਾ ਦੀ ਸਿਰਜਣਾ ਕਰਨ ਦੇ ਬਾਵਜੂਦ ਇਹ ਗੁਣ ਗੌਣ ਰਹਿੰਦੇ ਹਨ ਅਤੇ ਕਦੇ ਜ਼ਾਹਰਾ ਰੂਪ ਵਿੱਚ ਆਪਣੀ ਯੋਗਤਾ ਦੀ ਨੁਮਾਇਸ਼ ਨਹੀਂ ਕਰਦੇ।

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
(ਰਾਗ ਮਾਰੂ, ਗੁਰੂ ਨਾਨਕ)

ਉਸ ਦੇ ਭਾਣੇ ਨਾਲ ਜਗਤ ਦੀ ਸਿਰਜਣਾ ਹੋਈ।
ਆਪਣੇ ਹੁਨਰ ਦੀ ਜ਼ਾਹਰਾ ਨੁਮਾਇਸ਼ ਲਗਾਏ ਬਿਨਾਂ ਹੀ ਬ੍ਰਹਿਮੰਡੀ ਸ਼ਕਤੀ ਕਾਇਨਾਤ ਨੂੰ ਕਾਇਮ ਰੱਖਦੀ ਹੈ।
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਅਹਿਮਦਾਬਾਦ ਤੋਂ ਉੱਜੈਨ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਅਹਿਮਦਾਬਾਦ ਤੋਂ ਉੱਜੈਨ ਜਾ ਰਹੇ ਹਾਂ।

ਭੂਗੋਲਿਕ ਪੱਖੋਂ ਉੱਜੈਨ ਕਰਕ ਰੇਖਾ ਉੱਤੇ ਆਬਾਦ ਹੈ ਅਤੇ ਪਹਿਲਾਂ ਇਸ ਦਾ ਨਾਮ ਅਵਾਂਤੀਪੁਰਾ ਸੀ। ਇਸ ਸ਼ਹਿਰ ਉੱਤੇ ਦੋ ਨਾਮੀ ਰਾਜਿਆਂ ਦਾ ਰਾਜ ਰਿਹਾ। ਰਾਜਾ ਵਿਕਰਮਾਦਿੱਤ ਨੇ ਭਾਰਤੀ ਜੰਤਰੀ ਪ੍ਰਣਾਲੀ ‘ਵਿਕਰਮੀ ਸੰਮਤ’ ਸ਼ੁਰੂ ਕੀਤੀ ਅਤੇ ਉਨ੍ਹਾਂ ਦਾ ਵੱਡਾ ਭਰਾ ਰਾਜਾ ਭਰਥਰੀਹਰੀ ਬਹੁਤ ਉੱਘਾ ‘ਨਾਥ ਜੋਗੀ’ ਸੀ।

ਅਮਰਦੀਪ ਸਿੰਘ: ਉੱਜੈਨ ਇਤਿਹਾਸਕ ਤੌਰ ਉੱਤੇ ਨਾਮੀ ਸ਼ਹਿਰ ਹੈ ਅਤੇ ਸ਼ਿਪਰਾ ਨਦੀ ਦੇ ਕੰਢੇ ਵੱਸਿਆ ਹੈ। ਇਹ ਹੁਣ ਵੀ ਹਿੰਦੂ ਜ਼ਿਆਰਤੀਆਂ ਲਈ ਅਹਿਮ ਅਸਥਾਨ ਹੈ।

ਉੱਜੈਨ ਵਿੱਚ ਸ਼ਿਪਰਾ ਨਦੀ ਦੇ ਕੰਢੇ ਹਰ ਬਾਰਾਂ ਸਾਲ ਬਾਦ ਕੁੰਭ ਦਾ ਮੇਲਾ ਭਰਦਾ ਹੈ।

ਅਸੀਂ ਹੁਣ ਮਹਾਂਕਾਲੇਸ਼ਵਰ ਜੋਤਿਰਲਿੰਗ ਮੰਦਿਰ ਜਾ ਰਹੇ ਹਾਂ।

ਇਹ ਮੰਦਿਰ ਬਾਰਾਂ ‘ਜੋਤਿਰਲਿੰਗ’ ਅਸਥਾਨ ਵਿੱਚੋਂ ਇੱਕ ਹੈ ਜੋ ਭਗਵਾਨ ਸ਼ਿਵ ਦੀ ਵੱਖ-ਵੱਖ ਰੂਪ ਵਿੱਚ ਨੁਮਾਇੰਦਗੀ ਕਰਦੇ ਹਨ। ਜ਼ਿਆਰਤੀ ਸ਼ਿਪਰਾ ਨਦੀ ਵਿੱਚ ਦਸਤੂਰੀ ਡੁਬਕੀ ਲਗਾਉਣ ਤੋਂ ਬਾਅਦ ਮੰਦਿਰ ਵਿੱਚ ਸਿਜਦਾ ਕਰਦੇ ਹਨ।

ਅਸੀਂ ਹੁਣ ਸ਼ਿਪਰਾ ਨਦੀ ਦੇ ਕੰਢੇ ਗੁਰਦਵਾਰਾ ਗੁਰੂ ਨਾਨਕ ਘਾਟ ਜਾ ਰਹੇ ਹਾਂ।

ਅਮਰਦੀਪ ਸਿੰਘ: ਉੱਜੈਨ ਵਿੱਚ ਗੁਰੂ ਨਾਨਕ ਨੇ ਭਰਥਰੀਹਰੀ ਦੇ ਚੇਲੇ ‘ਨਾਥ ਜੋਗੀਆਂ’ ਨਾਲ ਗੋਸ਼ਟਿ ਕੀਤਾ। ਇਹ ਗੁਰਦਵਾਰਾ ਗੁਰੂ ਨਾਨਕ ਦੇ ਉੱਜੈਨ ਆਉਣ ਦੀ ਯਾਦ ਵਿੱਚ ਬਣਾਇਆ ਗਿਆ ਹੈ।

ਗੁਰੂ ਨਾਨਕ ਦੇ ਇੱਥੇ ਆਉਣ ਸਮੇਂ ਉੱਜੈਨ ਵਿੱਚ 'ਨਾਥ ਜੋਗੀ' ਬਰਾਦਰੀ ਦੀ ਚੋਖੀ ਆਬਾਦੀ ਸੀ ਜੋ 'ਭਰਥਰੀਹਰੀ ਜੋਗੀ' ਦੇ ਚੇਲੇ ਸਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਸ਼ਿਪਰਾ ਨਦੀ ਦੇ ਕੰਢੇ ਗਾਉਂਦੇ ਸੁਣ ਕੇ 'ਨਾਥ ਜੋਗੀ' ਉਨ੍ਹਾਂ ਕੋਲ ਪੁੱਛਣ ਆਏ ਕਿ ਉਹ ਰੱਬ ਦੇ ਕਿਸ ਰੂਪ ਦੀ ਅਰਾਧਨਾ ਕਰਦੇ ਹਨ। ਉਨ੍ਹਾਂ ਪੁੱਛਿਆ ਕਿ ਉਹ ਇਸ਼ਨਾਨ ਦੀ ਮਜ਼ਹਬੀ ਅਹਿਮੀਅਤ ਨੂੰ ਕਿਉਂ ਨਹੀਂ ਮੰਨਦੇ ਅਤੇ ਰੂਹਾਨੀ ਸਫ਼ਾਈ ਲਈ ਕਿਹੜਾ ਰਾਹ ਅਖ਼ਤਿਆਰ ਕਰਦੇ ਹਨ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਉਤਰਿ ਅਵਘਟਿ ਸਰਵਰਿ ਨ੍ਹਾਵੈ॥
ਬਕੈ ਨ ਬੋਲੈ ਹਰਿ ਗੁਣ ਗਾਵੈ॥
ਜਲੁ ਆਕਾਸੀ ਸੁੰਨਿ ਸਮਾਵੈ॥
ਰਸੁ ਸਤੁ ਝੋਲਿ ਮਹਾ ਰਸੁ ਪਾਵੈ॥
ਐਸਾ ਗਿਆਨੁ ਸੁਨਹੁ ਅਭ ਮੋਰੇ॥
ਭਰਿਪੁਰਿ ਧਾਰਿ ਰਹਿਆ ਸਭ ਠਉਰੇ॥
(ਰਾਗ ਆਸਾ, ਗੁਰੂ ਨਾਨਕ)

ਅਵਗੁਣ ਛੱਡ ਕੇ ਸਦਗੁਣਾਂ ਦੇ ਸਰੋਵਰ ਵਿੱਚ ਇਸ਼ਨਾਨ ਕਰੋ।
ਬੇਅਰਥ ਬੋਲਣ ਤੋਂ ਗੁਰੇਜ਼ ਕਰੋ ਅਤੇ ਆਤਮ ਪੜਚੋਲ ਵਿੱਚ ਮਸ਼ਗੂਲ ਹੋ ਜਾਓ।
ਜਿਵੇਂ ਪਾਣੀ ਆਸਮਾਨ ਵਿੱਚ ਭਾਫ਼ ਹੁੰਦਾ ਹੈ ਉਸੇ ਤਰ੍ਹਾਂ ਮਨੁੱਖ ਨੂੰ ਸਰਵ-ਵਿਆਪਕ ਵਿੱਚ ਲੀਨ ਰਹਿਣਾ ਚਾਹੀਦਾ ਹੈ।
ਜੇ ਕੋਈ ਇਮਾਨ ਨਾਲ ਨਿਚੋੜ ਕਢਦਾ ਹੈ ਤਾਂ ਉਸ ਨੂੰ ਅੰਮ੍ਰਿਤ ਰਸ ਮਿਲਦਾ ਹੈ।
ਓ ਮੇਰੇ ਮਨ, ਅਜਿਹੇ ਗਿਆਨ ਨੂੰ ਸੁਣਨਾ ਚਾਹੀਦਾ ਹੈ।
ਹਾਜ਼ਰਾ-ਹਜ਼ੂਰ ਹਰ ਥਾਂ ਭਰਪੂਰ ਹੈ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਉਹ ਹਰ ਰੂਪ ਵਿੱਚ ਵਾਸ ਕਰਨ ਵਾਲੀ ਸ਼ਕਤੀ ਦੀ ਅਰਾਧਨਾ ਕਰਦੇ ਹਨ ਅਤੇ ਆਪਣੇ ਮਨ ਦੀ ਮੈਲ਼ ਉਤਾਰਨ ਲਈ ਸੱਚ ਦੇ ਪਾਣੀਆਂ ਵਿੱਚ ਇਸ਼ਨਾਨ ਕਰਦੇ ਹਨ।

ਅਸੀਂ ਹੁਣ ਭਰਥਰੀਹਰੀ ਗੁਫ਼ਾਵਾਂ ਵਿੱਚ ਜਾ ਰਹੇ ਹਾਂ ਜੋ ਉੱਜੈਨ ਸ਼ਹਿਰ ਦੇ ਬਾਹਰ-ਵਾਰ ਹਨ। ਇਨ੍ਹਾਂ ਗੁਫ਼ਾਵਾਂ ਦਾ ਨਾਮ ਰਾਜਾ ਭਰਥਰੀਹਰੀ ਦੇ ਨਾਮ ਉੱਤੇ ਪਿਆ ਹੈ ਜਿਨ੍ਹਾਂ ਰਾਜ ਦੇ ਤਿਆਗ ਤੋਂ ਬਾਅਦ ਜੋਗੀ ਦਾ ਜੀਵਨ ਬਸਰ ਕੀਤਾ। ਬਾਦ ਵਿੱਚ ਉਨ੍ਹਾਂ ਦੇ ਸ਼ਰਧਾਲੂਆਂ ਅਤੇ 'ਕੰਨਪਾਟੇ ਜੋਗੀਆਂ' ਨੇ ਬਹੁਤ ਸਾਰੀਆਂ ਮਸਨੂਈ ਗੁਫ਼ਾਵਾਂ ਬਣਾਈਆਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਜੋਗੀਆਂ ਨੇ ਆਪਣੇ ਡੇਰੇ ਵਿੱਚ ਕੁਝ ਦਿਨਾਂ ਲਈ ਕਿਆਮ ਕਰਨ ਦਾ ਸੱਦਾ ਦਿੱਤਾ।

ਜੋਗੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਵਰਤ, ਤਜਵੀਜ਼ ਕੀਤੀ ਗਈ ਮਜ਼ਹਬੀ ਖ਼ੁਰਾਕ ਅਤੇ ਅਲੌਕਿਕ ਸ਼ਕਤੀਆਂ ਰਾਹੀਂ ਲੰਮੀ ਅਤੇ ਨਿਰੋਗ ਜ਼ਿੰਦਗੀ ਜਿਊਂਣ ਦਾ ਮੰਤਰ ਲੱਭ ਲਿਆ ਹੈ।

ਗੁਰੂ ਨਾਨਕ ਨੇ ਇਸ ਗਾਇਨ ਰਾਹੀਂ ਹੁੰਗਾਰਾ ਭਰਿਆ,

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥
ਰੋਗੁ ਨ ਬਿਆਪੈ ਨਾ ਜਮ ਦੋਖੰ॥
ਮੁਕਤ ਭਏ ਪ੍ਰਭ ਰੂਪ ਨ ਰੇਖੰ॥
ਜੋਗੀ ਕਉ ਕੈਸਾ ਡਰੁ ਹੋਇ॥
ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥
ਨਿਰਭਉ ਜੋਗੀ ਨਿਰੰਜਨੁ ਧਿਆਵੈ॥
ਅਨਦਿਨੁ ਜਾਗੈ ਸਚਿ ਲਿਵ ਲਾਵੈ॥
ਸੋ ਜੋਗੀ ਮੇਰੈ ਮਨਿ ਭਾਵੈ॥
(ਰਾਗ ਗਉੜੀ, ਗੁਰੂ ਨਾਨਕ)

ਖਿਮਾ ਦਾ ਅਮਲ ਹੀ ਸੱਚਾ ਵਰਤ, ਨੇਕਚਲਣੀ ਅਤੇ ਸੰਤੋਖ ਹਨ।
ਇਨ੍ਹਾਂ ਨਾਲ ਨਾ ਰੋਗ ਲੱਗਦਾ ਹੈ ਅਤੇ ਨਾ ਹੀ ਮੌਤ ਦਾ ਕਸ਼ਟ ਹੁੰਦਾ ਹੈ।
ਮੈਂ ਮੁਕਤ ਹਾਂ ਅਤੇ ਬ੍ਰਹਿਮੰਡੀ ਸ਼ਕਤੀ ਵਿੱਚ ਲੀਨ ਹਾਂ ਜੋ ਨਿਰੰਕਾਰ ਹੈ।
ਜੋਗੀ (ਰੌਸ਼ਨ-ਖ਼ਿਆਲ) ਨੂੰ ਕੀ ਭੈ ਹੈ?
ਬ੍ਰਹਿਮੰਡੀ ਸ਼ਕਤੀ ਦਾ ਰੁੱਖਾਂ ਅਤੇ ਬੂਟਿਆਂ ਵਿੱਚ ਵਾਸਾ ਹੈ ਜੋ ਘਰ ਦੇ ਅੰਦਰ ਵੀ ਹੈ ਅਤੇ ਬਾਹਰ ਵੀ।
ਨਿਰਭੈ ਜੋਗੀ ਤਾਂ ਅੰਦਰਲੇ ਨਿਰੰਜਣ ਦਾ ਧਿਆਨ ਕਰਦੇ ਹਨ।
ਉਹ ਦਿਨ-ਰਾਤ ਜਾਗਦੇ ਹਨ, ਬਾਖ਼ਬਰ ਰਹਿੰਦੇ ਹਨ ਅਤੇ ਸੱਚ ਨਾਲ ਲਿਵ ਜੋੜਦੇ ਹਨ।
ਅਜਿਹੇ ਜੋਗੀ ਮੇਰੇ ਮਨ ਨੂੰ ਭਾਉਂਦੇ ਹਨ।
(ਰਾਗ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਉਹ ਖਿਮਾ ਅਤੇ ਸੰਤੋਖ ਰਾਹੀਂ ਆਪਣਾ ਵਰਤ ਵਾਲਾ ਦਸਤੂਰ ਨਿਭਾਉਂਦੇ ਹਨ। ਮੁਕਤੀ ਵਾਲੀ ਅਵਸਥਾ ਵਿੱਚ ਉਨ੍ਹਾਂ ਨੂੰ ਵਹਿਦਤ ਵਿੱਚ ਲੀਨ ਹੋਣ ਦਾ ਅਹਿਸਾਸ ਹੁੰਦਾ ਹੈ। ਉਹ ਕੁਦਰਤ ਦਾ ਨੇਮ ਨਿਭਾਉਂਦੇ ਹੋਏ ਜੀਵਨ ਅਤੇ ਮੌਤ ਦੇਣ ਵਾਲੀ ਸ਼ਕਤੀ ਨਾਲ ਇੱਕ-ਸੁਰ ਰਹਿੰਦੇ ਹਨ।

ਮਹਾਂਕਾਲੇਸ਼ਵਰ ਜੋਤਿਰਲਿੰਗ ਮੰਦਿਰ ਦੀ ਜ਼ਿਆਰਤ ਕਰਨ ਵਾਲੇ ਸ਼ਰਧਾਲੂ ਮੁਕਤੀ ਦੀ ਆਸ ਨਾਲ ਭਰਥਰੀਹਰੀ ਗੁਫ਼ਾਵਾਂ ਦੀ ਵੀ ਯਾਤਰਾ ਕਰਦੇ ਹਨ। ਕੁਝ ਜ਼ਿਆਰਤੀਆਂ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਮੁਕਤੀ ਹਾਸਿਲ

ਕਰਨ ਲਈ ਤੀਰਥ ਅਸਥਾਨ ਦੀ ਯਾਤਰਾ ਤੋਂ ਬਿਹਤਰ ਰਾਹ ਕਿਹੜਾ ਹੈ? ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਅਧਿਆਤਮ ਕਰਮ ਕਰੇ ਤਾ ਸਾਚਾ॥
ਮੁਕਤਿ ਭੇਦੁ ਕਿਆ ਜਾਣੈ ਕਾਚਾ॥
ਐਸਾ ਜੋਗੀ ਜੁਗਤਿ ਬੀਚਾਰੈ॥
ਪੰਚ ਮਾਰਿ ਸਾਚੁ ਉਰਿ ਧਾਰੈ॥
(ਰਾਗ ਗਉੜੀ, ਗੁਰੂ ਨਾਨਕ)

ਅਧਿਆਤਮ ਦੇ ਕਰਮ ਰਾਹੀਂ ਰੂਹਾਨੀ ਗਿਆਨ ਹਾਸਿਲ ਕਰਨ ਵਾਲੇ ਸੱਚ ਨਾਲ ਜੁੜੇ ਹੁੰਦੇ ਹਨ।
ਅਗਿਆਨੀ ਮਨੁੱਖ ਮੁਕਤੀ ਦਾ ਭੇਦ ਕਿਵੇਂ ਜਾਣ ਸਕਦਾ ਹੈ?
ਸੱਚੇ ਜੋਗੀ ਆਤਮ ਪੜਚੋਲ ਅਤੇ ਵਿਚਾਰ ਕਰਦੇ ਹਨ।
ਉਹ ਪੰਜ ਵਿਕਾਰਾਂ ਉੱਤੇ ਜਿੱਤ ਹਾਸਿਲ ਕਰ ਕੇ ਆਪਣੇ ਦਿਲ ਵਿੱਚ ਸੱਚ ਵਸਾ ਲੈਂਦੇ ਹਨ।
(ਰਾਗ ਗਉੜੀ, ਗੁਰੂ ਨਾਨਕ)

ਮਜ਼ਹਬੀ ਇੰਤਜ਼ਾਮ ਦੀ ਲੋੜ ਵਿੱਚੋਂ ਨਿਕਲੇ ਖ਼ਿਆਲ ਹੀ ਮਜ਼ਹਬ ਦੇ ਰੂੜ੍ਹ ਮਜਲਿਸੀ ਆਦਾਬ ਬਣਦੇ ਹਨ। ਗੁਰੂ ਨਾਨਕ ਨੇ ਫ਼ਰਮਾਇਆ ਕਿ ਆਪਣੇ ਅੰਤਰ ਆਤਮਾ ਨੂੰ ਜਗਾਉਣ ਲਈ ਆਪਣੇ ਅੰਦਰ ਨੂੰ ਡੂੰਘੀਆਂ ਟੁੱਭੀਆਂ ਮਾਰਨ ਵਾਲੇ ਆਰਜ਼ੂਮੰਦ ਮਨੁੱਖ ਮੁਕਤੀ ਦੇ ਭੇਦ ਲੱਭ ਲੈਂਦੇ ਹਨ।

ਭਰਥਰੀਹਰੀ ਗੁਫ਼ਾਵਾਂ ਤੋਂ ਕੁਝ ਵਿੱਥ ਉੱਤੇ ਹੀ ਅਸੀਂ ਗੁਰੂ ਮਛਿੰਦਰਨਾਥ ਦੀ ਸਮਾਧੀ ਦੇਖਣ ਜਾ ਰਹੇ ਹਾਂ ਜਿਨ੍ਹਾਂ ਨੂੰ ਮਤਸਯੇਂਦਰਨਾਥ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਉਹ 'ਨਾਥ ਜੋਗੀ' ਸਿਲਸਿਲੇ ਦੇ ਬਾਨੀ ਸਨ।

ਭਰਥਰੀਹਰੀ ਗੁਰੂ ਗੋਰਖਨਾਥ ਦੇ ਸ਼ਗਿਰਦ ਸਨ ਜੋ ਮਛਿੰਦਰਨਾਥ ਦੇ ਨਾਮੀ ਸ਼ਗਿਰਦਾਂ ਵਿੱਚੋਂ ਸਨ।

ਇਤਿਹਾਸਕ ਤੌਰ ਉੱਤੇ ਗੁਰੂ ਮਛਿੰਦਰਨਾਥ ਦੀ ਮਾਨਤਾ ਹਿੰਦੂਆਂ ਅਤੇ ਮੁਸਲਮਾਨਾਂ, ਦੋਵਾਂ ਵਿੱਚ ਰਹੀ ਹੈ। ਵੱਖ-ਵੱਖ ਬਰਾਦਰੀਆਂ ਵਿੱਚ 'ਨਾਥ ਜੋਗੀਆਂ' ਦੀ ਮਾਨਤਾ ਵਾਲੀ ਜਾਣਕਾਰੀ ਯਾਦਗਾਰ ਉੱਤੇ ਲੱਗੀ ਤਖ਼ਤੀ ਉੱਤੇ ਵੀ ਦਰਜ ਹੈ। ਮੁਸਲਮਾਨ ਉਨ੍ਹਾਂ ਨੂੰ 'ਪੀਰ' ਅਤੇ ਹਿੰਦੂ ਉਨ੍ਹਾਂ ਨੂੰ 'ਗੁਰੂ' ਕਹਿੰਦੇ ਹਨ।

ਉੱਜੈਨ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਅਸੀਂ ਰਾਜਸਥਾਨ ਵਿੱਚ ਧੁਵਾਂ ਕਲਾਂ ਜਾ ਰਹੇ ਹਾਂ ਤਾਂ ਜੋ ਭਗਤ ਧੰਨਾ ਦੀਆਂ ਯਾਦਾਂ ਨਾਲ ਸਾਂਝ ਪਾਈ ਜਾ ਸਕੇ। ਭਗਤ ਧੰਨਾ ਦਾ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਸੀ।

ਮਤ ਕਰ ਮਾਯਾ ਕੋ ਅਹੰਕਾਰ॥
ਮਤ ਕਰ ਕਾਯਾ ਕੋ ਅਭੀਮਾਨ॥
ਕਾਯਾ ਗਾਰ ਸੇ ਕਾਚੀ॥

ਮਾਇਆ ਦਾ ਹੰਕਾਰ ਨਾ ਕਰ।
ਕਾਇਆ ਦਾ ਮਾਣ ਨਾ ਕਰ।
ਕਾਇਆ ਮਿੱਟੀ ਤੋਂ ਕੱਚੀ ਹੈ।

ਕਾਯਾ ਗਾਰ ਸੇ ਕਾਚੀ॥
ਜੈਸੇ ਔਸ ਰਾ ਮੋਤੀ॥
ਝੋਂਕਾ ਪਵਨ ਕਾ ਲਗ ਜਾਏ ਝਪਕਾ॥
ਪਵਨ ਕਾ ਲਗ ਜਾਏ ਕਾਯਾ ਧੂਲ ਹੋ ਜਾਸੀ॥

ਕਾਇਆ ਮਿੱਟੀ ਤੋਂ ਕੱਚੀ ਹੈ।
ਇਹ ਤ੍ਰੇਲ ਦਾ ਤੁਪਕਾ ਮਾਤਰ ਹੈ।
ਇਹ ਹਵਾ ਦੇ ਝੋਂਕੇ ਨਾਲ ਖ਼ਤਮ ਹੋ ਜਾਵੇਗੀ।
ਹਵਾ ਦੇ ਲੱਗਣ ਨਾਲ ਕਾਇਆ ਧੂੜ ਹੋ ਜਾਂਦੀ ਹੈ।

ਭਗਤ ਧੰਨਾ ਦੀ ਯਾਦ ਵਿੱਚ ਧੁਂਵਾਂ ਕਲਾਂ ਵਿੱਚ ਇੱਕ ਗੁਰਦਵਾਰਾ ਅਤੇ ਇੱਕ ਮੰਦਿਰ ਬਣਿਆ ਹੋਇਆ ਹੈ।

ਏਸਾ ਸਖਤ ਥਾ ਮਹਾਰਾਜ, ਜਿਨਕਾ ਮੁਲਕੋਂ ਮੇ ਨਾਮ॥
ਜਿਨ ਘਰ ਝੂਲਤਾ ਹਾਥੀ॥

ਤਾਕਤਵਰ ਹੁਕਮਰਾਨ। ਨਾਮੀ ਜੀਅ।
ਖ਼ਜ਼ਾਨਿਆਂ ਵਾਲੇ। ਸਭ ਫ਼ਨਾਹ ਹੋ ਜਾਣਗੇ।

ਭਗਤ ਧੰਨਾ ਦਾ ਜਨਮ ਇਸ ਪਿੰਡ ਦੇ ਨਿਮਾਣੇ ਜਿਹੇ ਕਿਸਾਨੀ ਪਰਿਵਾਰ ਵਿੱਚ ਚੌਦਾਂ ਸੌ ਪੰਦਰ੍ਹਾਂ ਵਿੱਚ ਹੋਇਆ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਵੇਰਵਾ ਦਰਸਾਉਂਦਾ ਹੈ ਕਿ ਉਹ ਬਚਪਨ ਵਿੱਚ ਬਹੁਤ ਸਾਦਾ ਅਤੇ ਨੇਕਦਿਲ ਇਨਸਾਨ ਸਨ। ਉਨ੍ਹਾਂ ਨੇ ਕਿਸੇ ਬ੍ਰਾਹਮਣ ਦੀ ਸਲਾਹ ਮੰਨ ਕੇ ਉਸ ਦੇ ਦਿੱਤੇ ਪੱਥਰ ਦੀ ਪ੍ਰਮਾਤਮਾ ਸਮਝ ਕੇ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਨੇਕ ਇਰਾਦੇ ਅਤੇ ਅਥਾਹ ਸ਼ਰਧਾ ਨੇ ਉਨ੍ਹਾਂ ਨੂੰ ਖ਼ੁਦਾਈ ਦੇ ਦਰਸ਼ਨ ਕਰਵਾ ਦਿੱਤੇ।

ਮਤ ਕਰ ਮਾਯਾ ਕੋ ਅਹੰਕਾਰ॥
ਮਤ ਕਰ ਕਾਯਾ ਕੋ ਅਭੀਮਾਨ॥

ਮਾਇਆ ਦਾ ਹੰਕਾਰ ਨਾ ਕਰ।
ਕਾਇਆ ਦਾ ਮਾਣ ਨਾ ਕਰ।

ਇੱਕ ਸਾਦੇ ਜਿਹੇ ਪੱਥਰ ਵਿੱਚੋਂ ਉਨ੍ਹਾਂ ਨੂੰ ਸ੍ਰਿਸ਼ਟੀ ਦੇ ਸਮੁੱਚੇ ਏਕੇ ਦੇ ਦਰਸ਼ਨ ਹੋ ਗਏ।

ਗੁਰੂ ਨਾਨਕ ਅਤੇ ਧੰਨਾ ਭਗਤ ਦੀ ਮੁਲਾਕਾਤ ਦਾ ਕੋਈ ਸਬੂਤ ਨਹੀਂ ਮਿਲਦਾ। ਉਨ੍ਹਾਂ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੋਣਾ ਦਰਸਾਉਂਦਾ ਹੈ ਕਿ ਦੋਵਾਂ ਦੇ ਫ਼ਲਸਫ਼ੇ ਵਿੱਚ ਸੋਚਾਂ ਦੀ ਸਾਂਝ ਹੈ।

ਅਮਰਦੀਪ ਸਿੰਘ: ਗੁਰੂ ਨਾਨਕ ਦੇਵ ਜੀ ਇਨ੍ਹਾਂ ਦੀ ਦਿਲ ਟੁੰਭਣ ਵਾਲੀ ਬਾਣੀ ਸੁਣ ਕੇ ਮਨ ਮੁਗਧ ਹੋ ਗਏ ਅਤੇ ਇਸ ਦਾ ਸੰਕਲਨ ਕੀਤਾ। ਉਨ੍ਹਾਂ ਨੇ ਕਈ ਸੰਤਾਂ ਦੀਆਂ ਬਾਣੀਆਂ ਦਾ ਸੰਕਲਨ ਕੀਤਾ। ਇਸ ਤੋਂ ਸਾਨੂੰ ਇਹੋ ਸੁਨੇਹਾ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਧੰਨਾ ਜੀ ਦੀ ਜ਼ਿੰਦਗੀ ਵਿੱਚ ਧਰਮ ਕੋਈ ਅਲਗ-ਅਲਗ ਨਹੀਂ ਹਨ। ਕੋਈ ਧਰਮ ਆਪਸ ਵਿੱਚ ਵੈਰ-ਭਾਵ ਰੱਖਣਾ ਨਹੀਂ ਸਿਖਾਉਂਦਾ। ਸਭ ਪਿਆਰ-ਪ੍ਰੇਮ ਨਾਲ ਰਹਿਣ।

ਗੁਰੂ ਨਾਨਕ ਅਤੇ ਭਗਤ ਧੰਨਾ ਨੇ ਅਮਲਾਂ ਦੀ ਪਾਕੀਜ਼ਗੀ ਉੱਤੇ ਜ਼ੋਰ ਦਿੱਤਾ। ਦੋਵਾਂ ਨੇ ਹਾਜ਼ਰਾ-ਹਜ਼ੂਰ ਉੱਤੇ ਅਡੋਲ ਯਕੀਨ ਰੱਖਣ ਦੀ ਅਹਿਮੀਅਤ ਨੂੰ ਉਘਾੜਿਆ ਜੋ ਸਭ ਦਾ ਪਾਲਣਹਾਰ ਹੈ। ਉਹ ਹੀ ਪਹਾੜਾਂ ਦੀਆਂ ਦਰਾੜਾਂ ਵਿੱਚ ਵਸਦੇ ਨਿਮਾਣੇ ਤੋਂ ਨਿਮਾਣੇ ਜੀਵ ਨੂੰ ਰਿਜ਼ਕ ਦਿੰਦਾ ਹੈ।

ਮਨੋਵਿਗਿਆਨੀ ਅਬਰਾਹਿਮ ਮਾਸਲੋਅ ਆਪਣੀ ਖੋਜ ਵਿੱਚ ਲੋੜਾਂ ਦੀ ਦਰਜਾਬੰਦੀ ਬਿਆਨ ਕਰਦਾ ਹੋਇਆ ਦੱਸਦਾ ਹੈ ਕਿ ਜੇ ਕਿਸੇ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਹੋ ਜਾਣ ਤਾਂ ਉਹ ਪਰਉਪਕਾਰ ਦੀ ਤਾਂਘ ਪਾਲਦਾ ਹੈ। ਧੰਨਾ ਭਗਤ ਆਪਣੀ ਹਲੀਮੀ ਵਿੱਚ ਦੇਵਣਹਾਰ ਨੂੰ ਆਪਣੀਆਂ ਬੁਨਿਆਦੀ ਜ਼ਰੂਰਤਾਂ ਦਾ ਖ਼ਿਆਲ ਰੱਖਣ ਦੀ ਅਰਜ਼ ਕਰਦੇ ਹਨ ਤਾਂ ਜੋ ਉਹ ਚੈਨ ਨਾਲ ਦੂਜਿਆਂ ਦੀ ਸੇਵਾ ਵਿੱਚ ਲੀਨ ਹੋ ਜਾਣ।

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥
ਗਉ ਭੈਸ ਮਗਉ ਲਾਵੇਰੀ॥
ਇਕ ਤਾਜਨਿ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥
ਜਨੁ ਧੰਨਾ ਲੇਵੈ ਮੰਗੀ॥
(ਰਾਗ ਧਨਾਸਰੀ, ਗੁਰੂ ਨਾਨਕ)

ਓ ਗੋਪਾਲ, ਇਹ ਤੇਰੀ ਆਰਤੀ ਹੈ।
ਤੂੰ ਬੇਗ਼ਰਜ਼ ਸੇਵਾ ਕਰਨ ਵਾਲੇ ਨਿਮਾਣੇ ਜੀਆਂ ਦੇ ਕਾਜ ਸੰਵਾਰਦਾ ਹੈਂ।
ਮੈਂ ਇੱਕ ਲਵੇਰੀ ਗਾਂ ਅਤੇ ਮੱਝ ਅਰਜ਼ ਕਰਦਾ ਹਾਂ
ਅਤੇ ਇੱਕ ਤੁਰਕੀ ਘੋੜਾ ਵੀ।
ਇੱਕ ਚੰਗੀ ਸ਼ਰੀਕਿ-ਹਿਯਾਤ ਦੇਵੀਂ ਵੀ ਅਰਜ਼ ਕਰਦਾ ਹਾਂ ।
ਆਪ ਜੀ ਦਾ ਨਿਮਾਣਾ ਸੇਵਾਦਾਰ ਧੰਨਾ ਆਪਣੀ ਗਰਜ਼ ਪੂਰੀ ਕਰਨ ਦੀ ਅਰਜ਼ ਕਰਦਾ ਹੈ।
(ਰਾਗ ਧਨਾਸਰੀ, ਭਗਤ ਧੰਨਾ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਉੱਜੈਨ ਤੋਂ ਚਿਤੌੜਗੜ੍ਹ ਦਾ ਸਫ਼ਰ ਕੀਤਾ।

ਧੁੰਦਵਾਂ ਕਲਾਂ ਦਾ ਵਲ਼ ਪਾਉਣ ਤੋਂ ਬਾਅਦ ਅਸੀਂ ਹੁਣ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਉਜੈਨ ਤੋਂ ਚਿਤੌੜਗੜ੍ਹ ਜਾ ਰਹੇ ਹਾਂ।

ਥਾਰਾ ਘਟ ਮਾਹਿ ਗਿਆਨ ਕਾ ਜਜ਼ੀਰਾ॥
ਸਾਹਿਬ ਸੁਲਝਾਇਆ॥

ਤੁਹਾਡੇ ਅੰਦਰ ਗਿਆਨ ਦਾ ਜਜ਼ੀਰਾ ਹੈ।
ਇਸ ਦਾ ਭੇਦ ਸਾਹਿਬ ਸੁਲਝਾਉਣਗੇ।

ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਚਿਤੌੜਗੜ੍ਹ ਦਾ ਸਫ਼ਰ ਕੀਤਾ ਤਾਂ ਇਸ ਇਲਾਕੇ ਨੂੰ ਮੇਵਾੜ ਕਹਿੰਦੇ ਸਨ।

ਯਾ ਮਨ ਲੋਭੀ ਲਾਲਚੀ ਰੇ॥
ਯਾ ਮਨ ਕਾਲੂ ਕੀਰ॥
ਭਰਮ ਕੀ ਜਾਲ ਚਲਾਵੇ ਰੇ॥

ਮਨ ਲੋਭੀ ਅਤੇ ਲਾਲਚੀ ਹੈ।
ਇਸ ਉੱਤੇ ਅਵਗੁਣਾਂ ਦੀ ਮੈਲ਼ ਹੈ।
ਇਹ ਭਰਮ ਦਾ ਜਾਲ਼ ਬਿਛਾਉਂਦਾ ਹੈ।

ਅਮਰਦੀਪ ਸਿੰਘ: ਚਿਤੌੜਗੜ੍ਹ ਵਿੱਚ ਪਹਾੜੀ ਦੀ ਸਿਖ਼ਰ ਉੱਤੇ ਇੰਡੀਆ ਦਾ ਸਭ ਤੋਂ ਵੱਡਾ ਕਿਲਾ ਹੈ। ਇਹ ਸ਼ਹਿਰ ਮੀਰਾਬਾਈ ਦੇ ਮੰਦਿਰ ਲਈ ਮਸ਼ਹੂਰ ਹੈ ਜੋ ਭਗਤੀ ਲਹਿਰ ਦੀ ਸੰਤ ਸੀ।

ਇਹ ਕਿਲੇ ਵਿੱਚ ਬਹੁਤ ਸਾਰੀਆਂ ਯਾਦਗਾਰੀ ਇਮਾਰਤਾਂ ਹਨ ਜਿਨ੍ਹਾਂ ਵਿੱਚ ਕੁਝ ਗੁਰੂ ਨਾਨਕ ਦੇ ਸਮੇਂ ਦੀਆਂ ਹਨ। ਇਸ ਕਿਲੇ ਵਿੱਚ ਬਣੇ ਇਤਿਹਾਸਕ ਜੈਨ ਅਤੇ ਹਿੰਦੂ ਮੰਦਿਰ ਦਰਸਾਉਂਦੇ ਹਨ ਕਿ ਵੱਖ-ਵੱਖ ਮਜ਼ਹਬੀ ਮਨੌਤਾਂ ਵਾਲੇ ਲੋਕਾਂ ਲਈ ਇਹ ਰੂਹਾਨੀ ਅਹਿਮੀਅਤ ਵਾਲਾ ਅਸਥਾਨ ਸੀ।

ਚਿਤੌੜਗੜ੍ਹ ਦੇ ਕਿਲੇ ਵਿੱਚ ਗੁਰੂ ਨਾਨਕ ਨਾਲ ਜੁੜਿਆ ਇੱਕ ਅਸਥਾਨ ਹਾਲੇ ਵੀ ਕਾਇਮ ਹੈ।

ਇਹ ਅਸਥਾਨ ਉਦਾਸੀ ਸੰਪਰਦਾਇ ਨੇ ਬਣਾਇਆ ਸੀ। ਉਦਾਸੀ ਸੰਪਰਦਾਇ ਦੀ ਪੁਰਾਣੀ ਪੀੜ੍ਹੀ ਦੇ ਬਾਬਾ ਪ੍ਰਭੂ ਦਾਸ ਅਤੇ ਕਿਸ਼ਨ ਦਾਸ ਤਾਂ ਫ਼ਾਨੀ ਸੰਸਾਰ ਤੋਂ ਵਿਦਾ ਹੋ ਚੁੱਕੇ ਹਨ। ਇਸ ਅਸਥਾਨ ਦੀ ਸੇਵਾ-ਸੰਭਾਲ ਰਤਨ ਦਾਸ ਦਾ ਕਿਸਾਨੀ ਪਰਿਵਾਰ ਕਰਦਾ ਹੈ।

ਰਤਨ ਦਾਸ: ਮੈਂ ਰਤਨ ਦਾਸ ਹਾਂ। ਪਿਤਾ ਦਾ ਨਾਮ ਗੋਪੀ ਲਾਲ ਜੀ। ਅਸੀਂ ਟਿੱਲੇ ਉੱਤੇ ਚਾਮੁੰਡਾ ਮਾਤਾ ਮੰਦਿਰ ਅਤੇ ਗੁਰਦਵਾਰੇ ਵਿੱਚ ਵਸਦੇ ਹਾਂ। ਮੇਰੇ ਦਾਦਾ ਗੁਰੂ ਕਿਸ਼ਨ ਦਾਸ ਜੀ ਉਦਾਸੀ, ਪੰਜਾਬ ਵਿੱਚ ਅੰਮ੍ਰਿਤਸਰ ਤੋਂ ਗੁਰੂ ਗ੍ਰੰਥ ਸਾਹਿਬ ਲੈ ਕੇ ਪਧਾਰੇ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਇੱਥੇ ਪ੍ਰਕਾਸ਼ ਕੀਤਾ। ਗੁਰੂ ਨਾਨਕ ਦੇਵ ਜੀ ਨੇ ਭ੍ਰਮਣ ਕੀਤਾ ਸੀ। ਉਨ੍ਹਾਂ ਦਾ ਉਪਦੇਸ਼ ਸੀ ਕਿ ਸੰਸਾਰ ਨੂੰ ਦੁਨਿਆਵੀ ਸਮੁੰਦਰ ਵਿੱਚੋਂ ਪਾਰ ਕਰਾਉਣਾ ਹੈ। ਇਹੋ ਉਨ੍ਹਾਂ ਦਾ ਮਨੋਰਥ ਸੀ। ਜੋ ਸਭ ਕੁਝ ਹੈ, ੧ਓ ਹੈ, ਉਸ ਤੋਂ ਇਲਾਵਾ ਕੁਝ ਨਹੀਂ ਹੈ। ਗੁਰੂ ਮਹਾਰਾਜ ਨੇ ਸਮਝਾਇਆ ਕਿ ਜੀਵਨ ਵਿੱਚ ਸਮੁੱਚਾ ਸੰਸਾਰ ਰਲ਼-ਮਿਲ ਕੇ ਸੱਚਾ ਮਾਰਗ ਅਖ਼ਤਿਆਰ ਕਰੇ। ਸੱਚ ਉੱਤੇ ਚੱਲੇ। ਤੀਰਥ ਅਤੇ ਵਰਤ, ਸਭ ਗੁਰੂ ਦੇ ਚਰਣਾਂ ਵਿੱਚ ਹੈ, ਮਾਪਿਆਂ ਦੇ ਚਰਣਾਂ ਵਿੱਚ ਹੈ।

ਚਿਤੌੜਗੜ੍ਹ ਦੇ ਕਿਲੇ ਵਿੱਚ ਵੱਖ-ਵੱਖ ਮਨੌਤਾਂ ਦੀ ਬਰਾਬਰ ਮਾਨਤਾ ਦੇਖ ਕੇ ਮੈਂ ਸੋਚਦਾ ਹਾਂ ਕਿ ਸਭ ਮਜ਼ਹਬਾਂ ਦਾ ਬੁਨਿਆਦੀ ਮਨੋਰਥ ਇਤਫ਼ਾਕ ਵਾਲਾ ਵਜੂਦ ਹੈ।

ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ॥
ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ॥
(ਰਾਗ ਵਡਹੰਸ, ਗੁਰੂ ਨਾਨਕ)

ਨਾਂਹ-ਪੱਖੀ ਮਨੁੱਖ ਸੋਚ-ਵਿਚਾਰ ਦਾ ਰਾਹ ਭੁੱਲ ਕੇ ਡੁੱਬਿਆ ਹੈ। ਹੁਣ ਕੀ ਕੀਤਾ ਜਾ ਸਕਦਾ ਹੈ?
ਗੁਣਾਂ ਨੂੰ ਤਿਲਾਂਜਲੀ ਦੇ ਕੇ ਉਸ ਨੇ ਵਿਹਲੇ ਇਰਾਦਿਆਂ ਦਾ ਬੋਝ ਲੱਦ ਲਿਆ ਹੈ ਅਤੇ ਅਵਗੁਣਾਂ ਦਾ ਵਣਜਾਰਾ ਬਣ ਗਿਆ ਹੈ।
(ਰਾਗ ਵਡਹੰਸ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੬: ਗਿਆਨ ਬੋਹਿਤ (ਵਿਵੇਕ ਦੀ ਕਿਸ਼ਤੀ)

ਇਸ ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਨੁਕਤੇ ਗੁਰੂ ਨਾਨਕ ਦੁਆਰਾ ਗੁਜਰਾਤ ਅਤੇ ਰਾਜਸਥਾਨ ਵਿਚਲੀ ਇਤਿਹਾਸਕ ਯਾਤਰਾ ਦੀ ਸਮੀਖਿਆ ਲਈ ਇਕ ਦਿਲਚਸਪ ਢਾਂਚਾ ਪੇਸ਼ ਕਰਦੇ ਹਨ। ਵੱਖ-ਵੱਖ ਰੂਹਾਨੀ ਪਰੰਪਰਾਵਾਂ ਨਾਲ ਉਹਨਾਂ ਦੇ ਪਰਸਪਰ ਪ੍ਰਭਾਵ ਅਤੇ ਸਥਾਪਿਤ ਧਾਰਮਿਕ ਰਸਮਾਂ ਪ੍ਰਤੀ ਉਹਨਾਂ ਦੇ ਵਿਚਾਰਸ਼ੀਲ ਪ੍ਰਤੀਕਰਮਾਂ ਦੀ ਪੜਚੋਲ ਕਰਕੇ, ਅਸੀਂ ਇਸ ਬਾਰੇ ਕੀਮਤੀ ਸੂਝ ਪ੍ਰਾਪਤ ਕਰਦੇ ਹਾਂ ਕਿ ਕਿਵੇਂ ਏਕਤਾ, ਅੰਤਰੀਵੀ ਸਚ ਅਤੇ ਵਿਵਹਾਰਕ ਰੂਹਾਨੀਅਤ ਬਾਰੇ ਦਿੱਤੇ ਉਹਨਾਂ ਦੇ ਸੰਦੇਸ਼ਾਂ ਨੇ ਮੌਜੂਦਾ ਵਿਸ਼ਵਾਸ ਪ੍ਰਣਾਲੀਆਂ ਨੂੰ ਚੁਣੌਤੀ ਦਿੱਤੀ ਅਤੇ ਇਨ੍ਹਾਂ ਨੂੰ ਅਮੀਰ ਬਣਾਇਆ। ਇਹ ਸਵਾਲ ਵਾਤਾਵਰਣ ਸੰਬੰਧੀ ਜਾਗਰੂਕਤਾ, ਅੰਤਰੀਵੀ ਸ਼ੁੱਧਤਾ, ਅਤੇ ਰੂਹਾਨੀ ਗਿਆਨ ਦੀ ਵਿਸ਼ਵਵਿਆਪੀ ਦ੍ਰਿਸ਼ਟੀ ਪ੍ਰਤੀ ਗੁਰੂ ਨਾਨਕ ਦੀ ਵਕਾਲਤਮਈ 'ਤੇ ਆਲੋਚਨਾਤਮਕ ਪਹੁੰਚ ਨੂੰ ਉਤਸ਼ਾਹਿਤ ਕਰਦੇ ਹਨ। ਉਹਨਾਂ ਦੇ ਸੰਦੇਸ਼ ਖੇਤਰੀ ਅਤੇ ਧਾਰਮਿਕ ਹੱਦਬੰਦੀਆਂ ਤੋਂ ਪਾਰ ਸਨ, ਮਨੁੱਖੀ ਜੀਵਨ ਦੇ ਜ਼ਰੂਰੀ ਪਹਿਲੂਆਂ ਨੂੰ ਸੰਬੋਧਿਤ ਕਰਦੇ ਹੋਏ ਇਹਨਾਂ ਖੋਜ ਨੁਕਤਿਆਂ ਰਾਹੀਂ, ਅਸੀਂ ਸੱਚਮੁੱਚ ਇਸ ਤੱਥ ਦੀ ਕਦਰ ਕਰ ਸਕਦੇ ਹਾਂ ਕਿ ਕਿਵੇਂ ਗੁਰੂ ਨਾਨਕ ਦੀਆਂ ਯਾਤਰਾਵਾਂ ਨੇ ਉਹਨਾਂ ਦੇ ਮਹੱਤਵਪੂਰਨ ਸੰਦੇਸ਼ ਨੂੰ ਫੈਲਾਇਆ ਅਤੇ ਵੱਖ-ਵੱਖ ਪਰੰਪਰਾਵਾਂ ਨਾਲ ਅਰਥਪੂਰਨ ਸੰਵਾਦ ਰਚਾਉਣ ਨੂੰ ਉਤਸ਼ਾਹਿਤ ਕੀਤਾ। ਇਸ ਦੇ ਨਤੀਜੇ ਵਜੋਂ ਇੱਕ ਅਜਿਹਾ ਫ਼ਲਸਫ਼ਾ ਸਾਹਮਣੇ ਆਇਆ ਜੋ ਮੌਜੂਦਾ ਧਾਰਮਿਕ ਕੱਟੜਤਾ, ਵਾਤਾਵਰਣ ਦੇ ਨਿਘਾਰ, ਅਤੇ ਪ੍ਰਮਾਣਿਕ ਰੂਹਾਨੀ ਅਨੁਭਵ ਦੀ ਨਿਰੰਤਰ ਖੋਜ ਦੇ ਮੁੱਦਿਆਂ ਦਾ ਸਾਹਮਣਾ ਕਰਨ ਲਈ ਬਹੁਤ ਢੁਕਵਾਂ ਹੈ।

## ਇਤਿਹਾਸਕ ਚਰਚਾ ਨੁਕਤੇ:

**੧. ਗੁਰੂ ਨਾਨਕ ਵੱਲੋਂ ਪੱਛਮੀ ਭਾਰਤ ਰਾਹੀਂ ਚੁਣੇ ਗਏ ਯਾਤਰਾ ਮਾਰਗ ਦਾ ਕੀ ਮਹੱਤਵ ਸੀ?**

ਇਹ ਐਪੀਸੋਡ ਗੁਰੂ ਨਾਨਕ ਦੀ ਦੌਲਤਾਬਾਦ ਤੋਂ ਭਰੂਚ, ਪ੍ਰਭਾਸ ਪਾਟਣ, ਜੂਨਾਗੜ੍ਹ, ਅਹਿਮਦਾਬਾਦ, ਉੱਜੈਨ ਅਤੇ ਚਿਤੌੜਗੜ੍ਹ ਤੱਕ ਦੀ ਯਾਤਰਾ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਸਥਾਨ ਇਤਿਹਾਸਕ ਤੌਰ 'ਤੇ ਵਪਾਰ, ਧਰਮ ਜਾਂ ਰਾਜਨੀਤਿਕ ਸ਼ਕਤੀ ਦਾ ਕੇਂਦਰ ਰਹੇ ਹਨ। ਉਦਾਹਰਨ ਵਜੋਂ, ਭਰੂਚ ਇਕ ਪ੍ਰਾਚੀਨ ਨਗਰ ਸੀ ਜਿੱਥੇ ਨਰਮਦਾ ਦਰਿਆ ਅਰਬ ਸਮੁੰਦਰ ਨਾਲ


ਈਮੇਲ: onenessindiversityfoundation@gmail.com

ਮਿਲਦਾ ਹੈ, ਜੋ ਜਹਾਜ਼ ਨਿਰਮਾਣ ਦਾ ਕੇਂਦਰ ਸੀ ਅਤੇ ਛੇਵੀਂ ਸਦੀ ਈਸਾ ਪੂਰਵ ਤੋਂ ਵਪਾਰ ਲਈ ਇਕ ਮਹੱਤਵਪੂਰਨ ਬੰਦਰਗਾਹ ਰਿਹਾ ਹੈ। ਇਸੇ ਤਰ੍ਹਾਂ, ਪ੍ਰਭਾਸ ਪਾਟਣ ਵੀ ਸਦੀਆਂ ਤੋਂ ਜਹਾਜ਼ ਨਿਰਮਾਣ ਲਈ ਪ੍ਰਸਿੱਧ ਰਿਹਾ ਹੈ ਅਤੇ ਇਥੇ ਹੀ ਇਤਿਹਾਸਕ ਸੋਮਨਾਥ ਮੰਦਰ ਸਥਿਤ ਹੈ। ਗੁਰੂ ਨਾਨਕ ਦੁਆਰਾ ਇਨ੍ਹਾਂ ਸਥਾਨਾਂ ਨੂੰ ਵੱਖ-ਵੱਖ ਭਾਈਚਾਰਿਆਂ ਨਾਲ ਅਰਥਪੂਰਨ ਵਾਰਤਾਲਾਪ ਕਰਨ ਲਈ ਵਿਉਂਤਬੰਧੀ ਨਾਲ ਕਿਵੇਂ ਚੁਣਿਆ ਹੋਵੇਗਾ?

### ੨. ਪ੍ਰਾਚੀਨ ਤੀਰਥ ਸਥਾਨਾਂ ਨੇ ਗੁਰੂ ਨਾਨਕ ਦੇ ਸਾਹਮਣੇ ਆਏ ਧਾਰਮਿਕ ਧਰਾਤਲ ਨੂੰ ਕਿਵੇਂ ਆਕਾਰ ਦਿੱਤਾ?

ਇਸ ਐਪੀਸੋਡ ਵਿਚ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਵੱਖ-ਵੱਖ ਧਾਰਮਿਕ ਪਰੰਪਰਾਵਾਂ ਨਾਲ ਸੰਬੰਧਿਤ ਅਨੇਕ ਪਵਿੱਤਰ ਸਥਾਨਾਂ ਦਾ ਜ਼ਿਕਰ ਹੈ, ਜਿਵੇਂ ਕਿ ਭਰੂਚ ਦਾ ਭ੍ਰਿਗੂ ਰਿਸ਼ੀ ਮੰਦਰ, ਪ੍ਰਭਾਸ ਪਾਟਣ ਦਾ ਸੋਮਨਾਥ ਮੰਦਰ, ੯੯੯੯ ਪੌੜੀਆਂ ਵਾਲਾ ਗਿਰਨਾਰ ਪਹਾੜ ਜਿਨ੍ਹਾਂ ਨੂੰ ਚੜ੍ਹ ਕੇ ਇਸ ਪ੍ਰਾਚੀਨ ਸਥਾਨ ਤੱਕ ਪਹੁੰਚਿਆ ਜਾਂਦਾ ਹੈ, ਉਜੈਨ ਦਾ ਮਹਾਕਾਲੇਸ਼ਵਰ ਜਯੋਤਿਰਲਿੰਗ ਮੰਦਰ, ਅਤੇ ਜੈਨ ਤੇ ਹਿੰਦੂ ਮੰਦਰਾਂ ਨਾਲ ਭਰਿਆ ਚਿਤੌੜਗੜ੍ਹ ਦਾ ਕਿਲ੍ਹਾ ਸ਼ਾਮਲ ਹਨ। ਇਹ ਸਥਾਨ ਵੱਖ-ਵੱਖ ਧਰਮਾਂ ਦੇ ਤੀਰਥ ਯਾਤਰੀਆਂ ਨੂੰ ਰੂਹਾਨੀ ਗਿਆਨ ਦੀ ਖੋਜ ਲਈ ਆਕਰਸ਼ਿਤ ਕਰਦੇ ਹਨ। ਅਸੀਂ ਗੁਰੂ ਨਾਨਕ ਦੇ ਇਨ੍ਹਾਂ ਸਥਾਪਿਤ ਸਥਾਨਾਂ ਉਪਰ ਰਚਾਏ ਸੰਵਾਦ ਦਾ ਮੁਲਾਂਕਣ ਕਰ ਉਨ੍ਹਾਂ ਤੋਂ ਕੀ ਸੂਝ ਪ੍ਰਾਪਤ ਕਰ ਸਕਦੇ ਹਾਂ?

### ੩. ਗੁਰੂ ਨਾਨਕ ਦੀ ਸੰਨਿਆਸ ਨਾਲ ਸੰਬੰਧਿਤ ਪਰੰਪਰਾਵਾਂ ਨਾਲ ਹੋਈ ਵਾਰਤਾਲਾਪ ੧੬ਵੀਂ ਸਦੀ ਦੇ ਭਾਰਤ ਦੀ ਧਾਰਮਿਕ ਵੰਨ-ਸੁਵੰਨਤਾ ਬਾਰੇ ਕੀ ਪ੍ਰਗਟ ਕਰਦੀ ਹੈ?

ਆਪਣੀ ਯਾਤਰਾ ਦੌਰਾਨ, ਗੁਰੂ ਨਾਨਕ ਨੇ ਵੱਖ-ਵੱਖ ਸੰਨਿਆਸ ਨਾਲ ਸੰਬੰਧਿਤ ਪਰੰਪਰਾਵਾਂ ਨਾਲ ਵਾਰਤਾਲਾਪ ਕੀਤਾ, ਜਿਨ੍ਹਾਂ ਵਿਚੋਂ ਭਰੂਚ ਵਿਖੇ ਇਕ 'ਸਨਿਆਸਨ' ਅਤੇ ਉਜੈਨ ਵਿਚ ‘ਨਾਥ ਜੋਗੀ’ ਸ਼ਾਮਲ ਸਨ, ਜੋ ਭਰਥਰੀ ਹਰੀ ਦੇ ਅਨੁਯਾਈ ਸਨ। ਐਪੀਸੋਡ ਵਿਚ ਉਲਲੇਖ ਹੈ ਕਿ ਗੁਰੂ ਨਾਨਕ ਦੀ ਯਾਤਰਾ ਦੇ ਸਮੇਂ ਗਿਰਨਾਰ ਪਰਬਤ ਗੁਰੂ ਦੱਤਾਤਰੇ ਅਤੇ 'ਅਘੋਰੀਆਂ' ਦੇ ਅਨੁਯਾਈਆਂ ਦਾ ਇੱਕ ਮਹੱਤਵਪੂਰਨ ਕੇਂਦਰ ਸੀ, ਅਤੇ 'ਨਾਂਗੇ ਸਾਧੂ', ਹੋਰ ਕਈ ਪਰੰਪਰਾਵਾਂ ਦੇ ਅਨੁਯਾਈ ਵੀ ਇਨ੍ਹਾਂ ਪਹਾੜੀਆਂ 'ਤੇ ਇਕੱਠੇ ਹੁੰਦੇ ਰਹੇ ਹਨ। ਇਹ ਵਿਭਿੰਨ ਰੂਹਾਨੀ ਪਰੰਪਰਾਵਾਂ ਉਸ ਸਮੇਂ ਦੇ ਭਾਰਤ ਦੇ ਧਾਰਮਿਕ ਧਰਾਤਲ ਵਿਚ ਕਿਵੇਂ ਯੋਗਦਾਨ ਪਾ ਰਹੀਆਂ ਸਨ?

**੪. ਵੱਖ-ਵੱਖ ਭਾਈਚਾਰਿਆਂ ਨੇ ਇਨ੍ਹਾਂ ਖੇਤਰਾਂ ਵਿਚ ਗੁਰੂ ਨਾਨਕ ਦੀਆਂ ਯਾਤਰਾਵਾਂ ਦੀ ਯਾਦ ਨੂੰ ਕਿਵੇਂ ਸੰਭਾਲਿਆ ਹੈ?**

ਐਪੀਸੋਡ ਵਿਚ ਗੁਰੂ ਨਾਨਕ ਦੀਆਂ ਯਾਤਰਾਵਾਂ ਦੀ ਯਾਦ ਨਾਲ ਸੰਬੰਧਿਤ ਕਈ ਸਥਾਪਿਤ ਸਥਾਨਾਂ ਦਾ ਉਲਲੇਖ ਕੀਤਾ ਗਿਆ ਹੈ, ਜਿਵੇਂ ਕਿ ਭਰੂਚ ਵਿਚ 'ਨਾਨਕ ਵਾੜੀ' (ਨਾਨਕ ਦੀ ਬਗੀਚੀ) ਜਿਸਨੂੰ 'ਉਦਾਸੀਨ' (ਤਪਸਵੀ) ਭਾਈਚਾਰੇ ਵੱਲੋਂ ਸਥਾਪਿਤ ਕੀਤਾ ਗਿਆ, ੧੯੯੮ ਵਿਚ ਨਰਮਦਾ ਦਰਿਆ ਦੇ ਕਿਨਾਰੇ ਬਣਿਆ ਗੁਰਦੁਆਰਾ ਚਾਦਰ ਸਾਹਿਬ, ਜੂਨਾਗੜ੍ਹ ਵਿਚ ਕਦੇ ਮੌਜੂਦ ਰਹਿ ਚੁੱਕਾ ਗੁਰਦੁਆਰਾ ਚਰਨਪਾਦੁਕਾ, ਅਤੇ ਸਿੰਧੀ ਭਾਈਚਾਰੇ ਵੱਲੋਂ ਬਣਾਏ ਗਏ ਗੁਰਦੁਆਰੇ। ਇਹ ਯਾਦਗਾਰੀ ਸਥਾਨ ਸਾਨੂੰ ਇਨ੍ਹਾਂ ਖੇਤਰਾਂ ਵਿੱਚ ਗੁਰੂ ਨਾਨਕ ਦੀਆਂ ਯਾਤਰਾਵਾਂ ਦੇ ਸਥਾਨਕ ਭਾਈਚਾਰਿਆਂ 'ਤੇ ਪਏ ਪ੍ਰਭਾਵ ਅਤੇ ਪੰਜਾਬ ਤੋਂ ਪਰੇ ਉਨ੍ਹਾਂ ਦੇ ਫ਼ਲਸਫੇ ਦੇ ਪ੍ਰਸਾਰ ਬਾਰੇ ਕੀ ਦੱਸਦੇ ਹਨ?

**੫. ਗੁਰੂ ਨਾਨਕ ਅਤੇ ਭਗਤੀ ਅੰਦੋਲਨ ਦੇ ਕਈ ਸੰਤਾਂ ਵਿਚਕਾਰ ਕਿਹੜੇ ਇਤਿਹਾਸਕ ਸੰਬੰਧ ਮੌਜੂਦ ਹਨ?**

ਇਹ ਐਪੀਸੋਡ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਮਕਾਲੀ ਸੰਤਾਂ ਜਿਵੇਂ ਕਿ ਭਗਤ ਪੀਪਾ ਅਤੇ ਭਗਤ ਧੰਨਾ ਵਿਚਕਾਰ ਦਾਰਸ਼ਨਿਕ ਸਮਾਨਤਾ ਦੀ ਚਰਚਾ ਕਰਦਾ ਹੈ, ਜਿਨ੍ਹਾਂ ਦੇ ਸਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ। ਜੇਕਰ ਇਸ ਗੱਲ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਹੈ ਕਿ ਭਗਤ ਧੰਨਾ ਅਤੇ ਗੁਰੂ ਨਾਨਕ ਦੀ ਆਪਸੀ ਮੁਲਾਕਾਤ ਹੋਈ ਸੀ, ਤਾਂ ਉਨ੍ਹਾਂ ਦੀ ਬਾਣੀ ਦੀ ਸ਼ਮੂਲੀਅਤ ਉਨ੍ਹਾਂ ਦੀ ਦਾਰਸ਼ਨਿਕ ਸਮਾਨਤਾ ਨੂੰ ਦਰਸਾਉਂਦੀ ਹੈ। ਇਸੇ ਤਰ੍ਹਾਂ, ਭਗਤ ਪੀਪਾ ਨਾਲ ਵੀ ਗੁਰੂ ਨਾਨਕ ਦੀ ਕਿਸੇ ਮੁਲਾਕਾਤ ਦਾ ਕੋਈ ਸਬੂਤ ਨਹੀਂ ਹੈ, ਫਿਰ ਵੀ ਉਨ੍ਹਾਂ ਦੇ ਅਦ੍ਵੈਤ ਦੇ ਸਾਂਝੇ ਦਰਸ਼ਨ ਉਨ੍ਹਾਂ ਨੂੰ ਆਪਸ ਵਿੱਚ ਜੋੜਦੇ ਹਨ। ਗੁਰੂ ਨਾਨਕ ਵੱਲੋਂ ਇਨ੍ਹਾਂ ਸੰਤਾਂ ਦੇ ਰੂਹਾਨੀ ਦ੍ਰਿਸ਼ਟੀਕੋਣ ਦੀ ਸਵੀਕਾਰਤਾ ਨੇ ਉੱਤਰੀ ਭਾਰਤ ਵਿਚ ਇਕ ਵਿਸ਼ਾਲ ਰੂਹਾਨੀ ਸੁਧਾਰ ਅੰਦੋਲਨ ਵਿਚ ਕਿਵੇਂ ਯੋਗਦਾਨ ਪਾਇਆ?

## ਦਾਰਸ਼ਨਿਕ ਚਰਚਾ ਨੁਕਤੇ:

**੧. ਗੁਰੂ ਨਾਨਕ ਦੀ ਵਾਤਾਵਰਣ ਸੰਬੰਧੀ ਚੇਤਨਾ ਉਨ੍ਹਾਂ ਦੇ ਦਰਸ਼ਨ ਵਿਚੋਂ ਕਿਵੇਂ ਪ੍ਰਗਟ ਹੁੰਦੀ ਹੈ?**

ਇਹ ਐਪੀਸੋਡ ਗੁਰੂ ਨਾਨਕ ਵੱਲੋਂ ਕੁਦਰਤੀ ਸਰੋਤਾਂ ਦੀ ਸੰਭਾਲ ਦੇ ਮਹੱਤਵ 'ਤੇ ਦਿੱਤੇ ਗਏ ਵਿਸ਼ੇਸ਼ ਜ਼ੋਰ ਨੂੰ ਉਜਾਗਰ ਕਰਦਾ ਹੈ। ਇਸ ਵਿਚ ਇਕ ਸਬਦ ਦਾ ਜ਼ਿਕਰ ਹੈ ਜਿਸ ਵਿਚ ਉਹ ਕੁਦਰਤੀ ਤੱਤਾਂ ਦੀ ਤੁਲਨਾ ਮਨੁੱਖੀ ਸੰਬੰਧਾਂ ਨਾਲ ਕਰਦੇ ਹਨ — ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ

ਨੂੰ ਮਾਤਾ ਦੀ ਪਾਲਣਹਾਰੀ ਕੁਖ ਦੱਸਦੇ ਹਨ। ਵਾਤਾਵਰਣ ਨਾਲ ਸੰਬੰਧਿਤ ਇਹ ਜਾਗਰੂਕਤਾ ਮਨੁੱਖ ਅਤੇ ਕੁਦਰਤ ਦੇ ਸੰਬੰਧ ਦੀ ਦਾਰਸ਼ਨਿਕ ਸੂਝ ਨੂੰ ਕਿਵੇਂ ਦਰਸਾਉਂਦੀ ਹੈ, ਅਤੇ ਇਹ ਆਧੁਨਿਕ ਵਾਤਾਵਰਣਿਕ ਨੈਤਿਕਤਾ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ?

**੨. ਗੁਰੂ ਨਾਨਕ ਵੱਲੋਂ ਬਿਬੇਕ, ਨੂੰ ਇਕ ਬੇੜੀ ਦੇ ਰੂਪਕ ਵਜੋਂ ਪੇਸ਼ ਕਰਨ ਦਾ ਕੀ ਮਹੱਤਵ ਹੈ?**

ਗੁਰੂ ਨਾਨਕ ਬੇੜੀ ਦੇ ਰੂਪਕ ਦੀ ਵਰਤੋਂ ਕਰਦੇ ਹਨ, ਜੋ ਯਾਤਰੀਆਂ ਨੂੰ ਵਿਸ਼ਾਲ ਸਮੁੰਦਰ ਪਾਰ ਕਰਾਉਣ ਦਾ ਸਾਧਨ ਹੁੰਦੀ ਹੈ। ਆਪਣੇ ਇਕ ਸਬਦ ਵਿਚ ਉਹ ਕਹਿੰਦੇ ਹਨ ਕਿ ਰੂਹਾਨੀ ਗਿਆਨ ਇਕ ਅਜਿਹੀ ਬੇੜੀ ਹੈ, ਜੋ ਵਿਅਕਤੀ ਨੂੰ ਅੰਦਰੂਨੀ ਮਨਨ ਰਾਹੀਂ ਸੰਸਾਰ ਰੂਪੀ ਮੁਸੀਬਤਾਂ ਦੇ ਮਹਾਂਸਾਗਰ ਨੂੰ ਪਾਰ ਕਰਨ ਵਿਚ ਸਹਾਇਕ ਬਣਦੀ ਹੈ। ਇਨ੍ਹਾਂ ਵਿਸਥਾਰਵ ਪੂਰਵਕ ਜੀਵਨ ਦੀਆਂ ਚੁਣੌਤੀਆਂ ਤੋਂ ਪਾਰ ਜਾਣ ਲਈ ਗੁਰੂ ਨਾਨਕ ਦੁਆਰਾ ਦਿੱਤਾ ਰੂਹਾਨੀ ਦ੍ਰਿਸ਼ਟੀਕੋਣ ਰਵਾਇਤੀ ਧਾਰਮਿਕ ਰਸਮਾਂ ਦੇ ਵਿਰੁੱਧ ਵਿਚ ਕਿਵੇਂ ਖੜ੍ਹਦਾ ਹੈ?

**੩. ਗੁਰੂ ਨਾਨਕ ਦੁਆਰਾ ਉਜੈਨ ਵਿਖੇ ਨਾਥ ਜੋਗੀਆਂ ਨੂੰ ਕੀਤਾ ਪ੍ਰਤੀਕਰਮ ਰੂਹਾਨੀ ਅਭਿਆਸ ਬਾਰੇ ਉਨ੍ਹਾਂ ਦੇ ਵਿਚਾਰਾਂ ਨੂੰ ਕਿਵੇਂ ਦਰਸਾਉਂਦਾ ਹੈ?**

ਉਜੈਨ ਦੇ ਜੋਗੀਆਂ ਦਾ ਦਾਅਵਾ ਸੀ ਕਿ ਵਰਤ, ਵਿਸ਼ੇਸ਼ ਧਾਰਮਿਕ ਭੋਜਨ ਦੀ ਪਾਲਣਾ, ਅਤੇ ਅਲੌਕਿਕ ਸ਼ਕਤੀਆਂ ਦੀ ਸਾਧਨਾ, ਨੇ ਉਨ੍ਹਾਂ ਨੂੰ ਲੰਬਾ ਅਤੇ ਰੋਗ-ਮੁਕਤ ਜੀਵਨ ਜੀਉਣ ਦਾ ਰਾਜ਼ ਦੱਸਦੀ ਹੈ। ਇਸਦੇ ਉੱਤਰ ਵਿਚ, ਗੁਰੂ ਨਾਨਕ ਨੇ ਖ਼ਿਮਾ ਨੂੰ ਵਰਤ ਵਾਂਗ ਇੱਕ ਅੰਦਰੂਨੀ ਅਨੁਸ਼ਾਸਨ ਵਜੋਂ ਪੇਸ਼ ਕੀਤਾ, ਜੋ ਸੱਚੇ ਸੰਤੋਖ ਦੀ ਪ੍ਰਾਪਤੀ ਵਿਚ ਮਦਦਗਾਰ ਹੁੰਦੀ ਹੈ। ਉਨ੍ਹਾਂ ਨੇ ਇਸ ਤੱਥ ਤੇ ਜ਼ੋਰ ਦਿਤਾ ਕਿ ਖ਼ਿਮਾ ਰੂਪੀ ਗੁਣ ਨੂੰ ਅਪਣਾ ਕੇ ਵਿਅਕਤੀ ਰੋਗਾਂ ਅਤੇ ਮੌਤ ਦੇ ਡਰ ਤੋਂ ਮੁਕਤ ਹੋ ਸਕਦਾ ਹੈ। ਇਹ ਵਾਰਤਾਲਾਪ ਗੁਰੂ ਨਾਨਕ ਵੱਲੋਂ ਬਾਹਰੀ ਰੂਹਾਨੀ ਉਨਤੀ ਲਈ ਬਾਹਰੀ ਅਭਿਆਸਾਂ ਨਾਲੋਂ ਅੰਦਰੂਨੀ ਗੁਣਾਂ ਤੇ ਜ਼ੋਰ ਦੇਣ ਨੂੰ ਕਿਵੇਂ ਪ੍ਰਕਾਸ਼ਮਾਨ ਕਰਦਾ ਹੈ?

**੪. ਰੂਹਾਨੀ ਪਵਿੱਤਰਤਾ ਲਈ ਗੁਰੂ ਨਾਨਕ ਕਰਮਕਾਂਡੀ ਇਸ਼ਨਾਨ ਦੇ ਵਿਕਲਪ ਵਜੋਂ ਕੀ ਪੇਸ਼ ਕਰਦੇ ਹਨ?**

ਉਜੈਨ ਵਿਚ ਜਦੋਂ ਗੁਰੂ ਨਾਨਕ ਤੋਂ ਪੁੱਛਿਆ ਗਿਆ ਕਿ ਉਹ ਕਿਸ ਰੂਪ ਵਿਚ ਪ੍ਰਭੂ ਦੀ ਆਰਾਧਨਾ ਕਰਦੇ ਹਨ, ਉਹ ਧਾਰਮਿਕ ਇਸ਼ਨਾਨ ਨੂੰ ਕਿਉਂ ਮਹੱਤਵ ਨਹੀਂ ਦਿੰਦੇ, ਅਤੇ ਰੂਹਾਨੀ ਸ਼ੁੱਧਤਾ ਲਈ ਉਹ ਕਿਸ ਰਾਹ ਦੀ ਸਿਫਾਰਸ਼ ਕਰਦੇ ਹਨ, ਤਾਂ ਉਨ੍ਹਾਂ ਨੇ ਅੰਦਰੂਨੀ ਸ਼ੁੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਕਾਰਾਤਮਕ ਇਰਾਦਿਆਂ ਦੇ ਸਰੋਵਰ ਵਿੱਚ ਚੁਬੀ ਲਾ, ਅਰਥਹੀਣ ਨਕਾਰਾਤਮਕ ਸ਼ਬਦਾਂ ਤੋਂ

ਪਰਹੇਜ਼ ਕਰਕੇ, ਅਤੇ ਸਵੈ-ਚਿੰਤਨ ਵਿਚ ਸ਼ਾਮਲ ਹੋ ਕੇ ਆਪਣੇ ਆਪ ਨੂੰ ਬੁਰੇ ਇਰਾਦਿਆਂ ਤੋਂ ਸਾਫ਼ ਕਰਨ ਦੀ ਵਕਾਲਤ ਕੀਤੀ। ਇਹ ਦ੍ਰਿਸ਼ਟੀਕੋਣ ਉਨ੍ਹਾਂ ਦੇ ਸਮੇਂ ਦੀਆਂ ਧਾਰਮਿਕ ਪਰੰਪਰਾਵਾਂ ਵਿਚਲੀਆਂ ਰੂਹਾਨੀ ਸ਼ੁੱਧਤਾ ਦੀਆਂ ਪ੍ਰਚਲਿਤ ਧਾਰਨਾਵਾਂ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

**੫. ਗੁਰੂ ਨਾਨਕ ਦੀ ਨਿਮਰਤਾ ਦੀ ਧਾਰਣਾ ਪ੍ਰਭੂ ਅਤੇ ਮਨੁੱਖ ਦੇ ਸੰਬੰਧ ਦੀ ਸੂਝ ਨੂੰ ਕਿਵੇਂ ਮੁੜ ਪਰਿਭਾਸ਼ਿਤ ਕਰਦੀ ਹੈ?**

ਐਪੀਸੋਡ ਵਿਚ ਗੁਰੂ ਨਾਨਕ ਦੇ ਇਕ ਗੂੜ੍ਹ ਸਬਦ ਦਾ ਉਲਲੇਖ ਹੈ, ਜੋ ਇਕ ਸਰਵਵਿਆਪੀ ਸ਼ਕਤੀ ਦੀ ਦੈਵੀ ਸਿਰਜਨਾ ਉਤੇ ਰੌਸ਼ਨੀ ਪਾਉਂਦਾ ਹੈ, ਜਿਸਨੇ ਆਪਣੀ ਸੁਤੰਤਰ ਇੱਛਾ ਰਾਹੀਂ ਬ੍ਰਹਿਮੰਡ ਦੀ ਰਚਨਾ ਕੀਤੀ। ਇਹ ਬ੍ਰਹਿਮੰਡੀ ਊਰਜਾ ਨਾ ਸਿਰਫ਼ ਸੰਸਾਰ ਨੂੰ ਚਲਾ ਰਹੀ ਹੈ, ਬਲਕਿ ਕਿਸੇ ਵੀ ਭੌਤਿਕ ਹੁਨਰ ਦਾ ਪ੍ਰਦਰਸ਼ਨ ਕੀਤੇ ਬਿਨਾਂ ਨਿਮਰਤਾ ਨਾਲ ਆਪਣਾ ਕਾਰਜ ਕਰਦੀ ਹੈ। ਇਹ ਧਾਰਣਾ ਇਕ ਨਿਆਰੀ ਦੈਵੀ ਨਿਮਰਤਾ ਨੂੰ ਦਰਸਾਉਂਦੀ ਹੈ; ਇਹ ਸਿਰਜਣਹਾਰ ਸ਼ਕਤੀ ਅਦਭੁਤ ਸ੍ਰਿਸ਼ਟੀ ਰਚਣ ਤੋਂ ਬਾਅਦ ਵੀ ਆਪਣੀ ਸਮਰੱਥਾ ਨੂੰ ਨਿਮਰਤਾ ਨਾਲ ਲੁਕਾ ਕੇ ਰੱਖਦੀ ਹੈ। ਨਿਮਰਤਾ ਦੀ ਇਹ ਦ੍ਰਿਸ਼ਟੀ ਰਵਾਇਤੀ ਧਰਮਸ਼ਾਸਤਰੀ ਢਾਂਚਿਆਂ ਨੂੰ ਕਿਵੇਂ ਚੁਣੌਤੀ ਦਿੰਦੀ ਹੈ ਅਤੇ ਸ਼ਕਤੀ ਜਾਂ ਉਪਲਬਧੀਆਂ ਪ੍ਰਤੀ ਮਨੁੱਖੀ ਰਵੱਈਏ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

**੬. ਮੁਕਤੀ ਦੀ ਪ੍ਰਾਪਤੀ ਬਾਰੇ ਗੁਰੂ ਨਾਨਕ ਦੁਆਰਾ ਕੀ ਦ੍ਰਿਸ਼ਟੀਕੋਣ ਦਿੱਤਾ ਗਿਆ ਹੈ?**

ਜਦੋਂ ਭਰਥਰੀ ਦੀਆਂ ਗੁਫਾਵਾਂ ਵਿੱਚ ਤੀਰਥਯਾਤਰੀਆਂ ਨੇ ਪੁੱਛਿਆ ਕਿ ਕੀ ਮੁਕਤੀ ਪ੍ਰਾਪਤੀ ਲਈ ਪੂਜਾ ਸਥਾਨਾਂ ਦੀ ਯਾਤਰਾ ਨਾਲੋਂ ਕੋਈ ਹੋਰ ਵਧੀਆ ਰਸਤਾ ਹੈ ਤਾਂ ਗੁਰੂ ਨਾਨਕ ਫੁਰਮਾਉਂਦੇ ਹਨ ਕਿ ਜੋ ਵਿਅਕਤੀ ਰੂਹਾਨੀ ਗਿਆਨ ਪ੍ਰਾਪਤ ਕਰਨ ਲਈ ਕਰਮ ਕਰਦਾ ਹੈ, ਉਹ ਸਚ ਨਾਲ ਜੁੜਦਾ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਇਕ ਅਗਿਆਨੀ ਮੁਕਤੀ ਦਾ ਭੇਦ ਅਸਲ ਵਿਚ ਕਿਵੇਂ ਸਮਝ ਸਕਦਾ ਹੈ? ਨਾਲ ਹੀ, ਉਨ੍ਹਾਂ ਨੇ ਕਿਹਾ ਕਿ ਧਾਰਮਿਕ ਮਾਨਤਾਵਾਂ ਕੇਵਲ ਵਿਸ਼ਵਾਸ ਪ੍ਰਣਾਲੀਆਂ ਵੱਲੋਂ ਬਣਾਈਆਂ ਧਾਰਣਾਵਾਂ ਹਨ। ਗੁਰੂ ਨਾਨਕ ਨੇ ਇਹ ਪੁਸ਼ਟੀ ਕੀਤੀ ਕਿ ਜੋ ਸਾਧਕ ਇਮਾਨਦਾਰੀ ਨਾਲ ਆਪਣੇ ਅੰਦਰ ਦੀ ਖੋਜ ਕਰਦੇ ਹਨ ਅਤੇ ਆਪਣੀ ਚੇਤਨਾ ਨੂੰ ਜਾਗਰੂਕ ਕਰਦੇ ਹਨ, ਉਹ ਮੁਕਤੀ ਦੇ ਭੇਦਾਂ ਨੂੰ ਜਾਣ ਸਕਦੇ ਹਨ। ਇਹ ਅੰਦਰ-ਕੇਂਦਰਤ ਦ੍ਰਿਸ਼ਟੀਕੋਣ ਬਾਹਰੀ ਧਾਰਮਿਕ ਕਿਰਿਆਵਾਂ 'ਤੇ ਅਧਾਰਿਤ ਪਰੰਪਰਾਵਾਂ ਦੇ ਮੁਕਾਬਲੇ ਵਿਚ ਕਿਵੇਂ ਭਿੰਨ ਹੈ?


ਈਮੇਲ: onenessindiversityfoundation@gmail.com